## ਅੱਜ ਦਾ ਸ਼ੁਭ ਵਿਚਾਰ



ਕਿਸੇ ਦੀਆ ਸੁਣਾਈਆਂ ਹੋਈਆਂ ਗੱਲਾਂ ਤੇ ਤੁਰੰਤ ਯਕੀਨ ਨਹੀਂ ਕਰ ਲੈਣਾ ਚਾਹੀਦਾ, ਕਿਉਂਕਿ ਲੋਕ ਤੁਹਾਨੂੰ ਉਹ ਗੱਲਾਂ ਕਦੇ ਨਹੀਂ ਦੱਸਦੇ ਜਿਸ ਵਿੱਚ ਉਹ ਖ਼ੁਦ ਗ਼ਲਤ ਹੋਣ।

**ਸਮਾਜ ਸੇਵੀ ਨਰਿੰਦਰ ਨੀਟਾ**

ਰੋਜ਼ਾਨਾ ਲੋਕ ਬਾਣੀ
www.lokbani.com



ਸੱਚ ਤੇ ਨਿਡਰ ਆਵਾਜ਼

# ਰੋਜ਼ਾਨਾ ਲੋਕ ਬਾਣੀ

DAILY LOKBANI JALANDHAR
ਮੁੱਖ ਸੰਪਾਦਕ : ਅਮਨਦੀਪ ਮਹਿਰਾ

ਸ਼ੁੱਕਰਵਾਰ, 12 ਜੁਲਾਈ 2024




ਰੋਜ਼ਾਨਾ ਲੋਕ ਬਾਣੀ ਨੂੰ ਪੱਤਰਕਾਰਾਂ ਦੀ ਲੋੜ
99155-94111



R. N. I. Punpun/29016/2008 * ਸਾਲ 16 , * ਅੰਕ : 39, * ਮੁੱਲ : 6 ਰੁਪਏ * ਕੁੱਲ ਪੇਜ: 10 * ਦਫਤਰ : 0181-2211009 * M : 99155-94111


## ਡੁੱਬਣ ਕਾਰਨ ਹੋਈ ਭਾਰਤੀ ਨੌਜਵਾਨ ਦੀ ਮੌਤ



ਨਿਊਯਾਰਕ (ਲੋਕ ਬਾਣੀ)-ਇੱਥੇ ਟਰਾਇਨ ਯੂਨੀਵਰਸਿਟੀ ਵਿੱਚ ਪੜ੍ਹ ਰਹੇ ਇੱਕ 25 ਸਾਲਾ ਭਾਰਤੀ ਵਿਦਿਆਰਥੀ ਦੀ ਐਲਬਨੀ ਵਿੱਚ ਇੱਕ ਝਰਨੇ ਦੇ ਪਾਣੀ 'ਚ ਡੁੱਬਣ ਕਾਰਨ ਮੌਤ ਹੋ ਗਈ। ਭਾਰਤੀ ਕੌਂਸੁਲੇਟ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਬਾਰਬਰਵਿਲੇ ਫਾਲਜ਼ ਐਲਬਨੀ ਵਿੱਚ ਬੀਤੀ 7 ਜੁਲਾਈ ਨੂੰ ਡੁੱਬਣ ਕਾਰਨ ਸਾਈ ਸੂਰਿਆ ਅਵਿਨਾਸ਼ ਗੜੇ ਦੀ ਜਾਨ ਜਾਂਦੀ ਰਹੀ।

ਨਿਊਯਾਰਕ ਵਿੱਚ ਭਾਰਤ ਦੇ ਕੌਂਸੁਲੇਟ ਜਨਰਲ ਨੇ ਐਕਸ 'ਤੇ ਪੋਸਟ ਵਿਚ ਲਿਖਿਆ, 'ਅਸੀਂ ਮ੍ਰਿਤਕ ਵਿਦਿਆਰਥੀ ਦੇ ਪਰਿਵਾਰ ਤੇ ਦੋਸਤਾਂ ਨਾਲ ਦੁੱਖ ਦਾ ਪ੍ਰਗਟਾਵਾ ਕਰਦੇ ਹਾਂ। ਸਾਡੇ ਵੱਲੋਂ ਹਰ ਕਿਸਮ ਦੀ ਲੋੜੀਂਦੀ ਮਦਦ ਕੀਤੀ ਜਾ ਰਹੀ ਹੈ, ਜਿਸ ਵਿੱਚ ਵਿਦਿਆਰਥੀ ਦੀ ਲਾਸ਼ ਭਾਰਤ ਪਹੁੰਚਾਉਣ ਲਈ ਐਨਓਸੀ ਜਾਰੀ ਕਰਵਾਉਣਾ ਵੀ ਸ਼ਾਮਲ ਹੈ।

## ਜ਼ਮੀਨ ਖਿਸਕਣ ਕਾਰਨ ਮਣੀ ਮਹੇਸ਼ ਦਾ ਰਸਤਾ ਹੋਇਆ ਬੰਦ



ਸ਼ਿਮਲਾ (ਲੋਕ ਬਾਣੀ) ਚੰਬਾ ਜ਼ਿਲ੍ਹੇ ਦੇ ਭਰਮੌਰ ਇਲਾਕੇ 'ਚ ਅੱਜ ਜ਼ਮੀਨ ਖਿਸਕਣ ਕਾਰਨ ਮਨੀਮਹੇਸ਼ ਰਸਤਾ ਬੰਦ ਹੋ ਗਿਆ। ਇਸ ਤੋਂ ਬਾਅਦ ਚੰਬਾ ਤੋਂ ਮਣੀਮਹੇਸ਼ ਵੱਲ ਜਾਂਦੇ ਮਾਰਗ 'ਤੇ ਢਿੱਗਾਂ ਡਿੱਗ ਗਈਆਂ ਪਰ ਜਾਨੀ ਤੇ ਮਾਲੀ ਨੁਕਸਾਨ ਤੋਂ ਬਚਾਅ ਰਿਹਾ। ਇਸ ਸਬੰਧੀ ਇਕ ਵੀਡੀਓ ਵੀ ਵਾਇਰਲ ਹੋਈ ਹੈ ਜੋ ਗੋਇ ਅਤੇ ਦੂਨਾਲੀ ਵਿਚਕਾਰ ਫਿਲਮਾਈ ਗਈ ਹੈ। ਮਣੀਮਹੇਸ਼ ਯਾਤਰਾ 17 ਅਗਸਤ ਤੋਂ ਸ਼ੁਰੂ ਹੋ ਕੇ 15 ਸਤੰਬਰ ਤੱਕ ਚੱਲਦੀ ਹੈ। ਸ਼ਰਧਾਲੂ ਅਤੇ ਸੈਲਾਨੀ ਇਨ੍ਹਾਂ ਤਾਰੀਖਾਂ ਤੋਂ ਬਾਹਰ ਵੀ ਯਾਤਰਾ ਕਰਦੇ ਹਨ। ਸੂਬੇ ਦੇ ਐਮਰਜੈਂਸੀ ਅਪਰੇਸ਼ਨ ਸੈਂਟਰ ਨੇ ਕਿਹਾ ਕਿ ਹਿਮਾਚਲ ਪ੍ਰਦੇਸ਼ ਵਿਚ ਭਾਰੀ ਮੀਂਹ ਤੋਂ ਬਾਅਦ 12 ਸੜਕਾਂ ਆਵਜਾਈ ਲਈ ਬੰਦ ਕਰ ਦਿੱਤੀਆਂ ਗਈਆਂ ਹਨ

## ਸੁਪਰੀਮ ਕੋਰਟ ਵੱਲੋਂ ਨੀਟ-ਯੂਜੀ ਦੀ ਸੁਣਵਾਈ 18 ਜੁਲਾਈ ਨੂੰ



ਦਿੱਲੀ, (ਲੋਕ ਬਾਣੀ) ਨੀਟ-ਯੂਜੀ ਵਿਵਾਦ ਵਧਦਾ ਜਾ ਰਿਹਾ ਹੈ। ਦੇਸ਼ ਦੀ ਸਰਵਉਚ ਅਦਾਲਤ ਨੇ ਅੱਜ ਨੀਟ ਵਿਵਾਦ ਤੇ ਮੈਡੀਕਲ ਪ੍ਰੀਖਿਆ ਸਬੰਧੀ ਪਾਈਆਂ ਪਟੀਸ਼ਨਾਂ 'ਤੇ ਸੁਣਵਾਈ 18 ਜੁਲਾਈ ਨਿਰਧਾਰਤ ਕੀਤੀ ਹੈ। ਇਸ ਸਬੰਧੀ ਅੱਜ ਚੀਫ ਜਸਟਿਸ ਡੀ ਵਾਈ ਚੰਦਰਚੂੜ ਦੀ ਅਗਵਾਈ ਹੇਠ ਬੈਂਚ ਨੇ ਸੁਣਵਾਈ ਕੀਤੀ। ਇਸ ਦੌਰਾਨ ਬੈਂਚ ਨੇ ਪਾਇਆ ਕਿ ਸਰਵਉਚ ਅਦਾਲਤ ਦੇ ਅੱਠ ਜੁਲਾਈ ਤੋਂ ਬਾਅਦ ਹੁਕਮਾਂ ਤੋਂ ਕੇਂਦਰ ਤੇ ਨੈਸ਼ਨਲ ਟੈਸਟਿੰਗ ਏਜੰਸੀ ਨੇ ਹਲਫਨਾਮਾ ਦਾਇਰ ਕੀਤਾ ਸੀ ਪਰ ਉਹ ਪਟੀਸ਼ਨਰਾਂ ਨੂੰ ਹਾਲੇ ਤਕ ਨਹੀਂ ਮਿਲਿਆ ਜਿਸ ਕਰਕੇ ਸੁਪਰੀਮ ਕੋਰਟ ਨੇ ਇਸ ਮਾਮਲੇ ਦੀ ਅਗਲੀ ਸੁਣਵਾਈ 18 ਜੁਲਾਈ ਨਿਰਧਾਰਤ ਕਰ ਦਿੱਤੀ ਹੈ। ਕਈ ਪਟੀਸ਼ਨਾਂ ਵਿਚ ਕਿਹਾ ਗਿਆ ਹੈ ਕਿ ਨੀਟ ਦਾ ਪੇਪਰ ਲੀਕ ਹੋਇਆ ਹੈ ਤੇ ਇਹ ਮੁੜ ਹੋਣਾ ਚਾਹੀਦਾ ਹੈ। ਕਈ ਪਟੀਸ਼ਨਾਂ ਵਿਚ ਦੋਸ਼ੀਆਂ ਖਿਲਾਫ਼ ਸਖਤ ਕਾਰਵਾਈ ਦੀ ਮੰਗ ਕੀਤੀ ਗਈ ਹੈ।

## ਅੰਮ੍ਰਿਤਸਰ ਤੇ ਚੰਡੀਗੜ੍ਹ ਵਿੱਚ ਪਿਆ ਭਾਰੀ ਮੀਂਹ



ਚੰਡੀਗੜ੍ਹ,(ਵਿਨੋਦ ਸ਼ਰਮਾ) ਪੰਜਾਬ ਦੇ ਅੰਮ੍ਰਿਤਸਰ ਤੇ ਰਾਜਧਾਨੀ ਚੰਡੀਗੜ੍ਹ ਵਿੱਚ ਅੱਜ ਸਵੇਰ ਸਮੇਂ ਭਾਰੀ ਮੀਂਹ ਪਿਆ। ਇਸ ਕਰਕੇ ਲੋਕਾਂ ਨੇ ਸਾਰਾ ਦਿਨ ਅਤਿ ਦੀ ਗਰਮੀ ਤੋਂ ਰਾਹਤ ਮਹਿਸੂਸ ਕੀਤੀ। ਇਸ ਤੋਂ ਇਲਾਵਾ ਨਵਾਂਸ਼ਹਿਰ, ਫਿਰੋਜ਼ਪੁਰ ਤੇ ਹੋਰਨਾਂ ਕਈ ਖੇਤਰਾਂ ਵਿੱਚ ਕਿਣ-ਮਿਣ ਹੋਈ। ਉੱਧਰ, ਮੌਸਮ ਵਿਭਾਗ ਨੇ ਪੰਜਾਬ ਵਿੱਚ 12 ਜੁਲਾਈ ਨੂੰ ਭਾਰੀ ਮੀਂਹ ਪੈਣ ਦੀ ਪੇਸ਼ੀਨਗੋਈ ਕੀਤੀ ਹੈ। ਇਸ ਲਈ ਮੌਸਮ ਵਿਭਾਗ ਨੇ ਯੈਲੋ ਅਲਰਟ ਵੀ ਜਾਰੀ ਕਰ ਦਿੱਤਾ ਹੈ।

ਮੌਸਮ ਵਿਭਾਗ ਤੋਂ ਮਿਲੀ ਜਾਣਕਾਰੀ ਅਨੁਸਾਰ ਅੱਜ ਸਵੇਰ ਸਮੇਂ ਅੰਮ੍ਰਿਤਸਰ ਸ਼ਹਿਰ ਵਿੱਚ 23 ਐਮਐਮ ਮੀਂਹ ਪਿਆ। ਮੀਂਹ ਪੈਣ ਕਰਕੇ ਅੰਮ੍ਰਿਤਸਰ ਦੀਆਂ ਸੜਕਾਂ 'ਤੇ ਪਾਣੀ ਖੜ੍ਹਾ ਹੋ ਗਿਆ, ਜਿਸ ਕਰਕੇ ਲੋਕਾਂ ਨੂੰ ਸੜਕਾਂ ਤੋਂ ਲੰਘਣਾ ਮੁਸ਼ਕਲ ਹੋ ਗਿਆ। ਲੋਕ ਗੋਡੇ-ਗੋਡੇ ਪਾਣੀ ਵਿੱਚੋਂ ਲੰਘ ਕੇ ਆਪਣੀ ਮੰਜ਼ਿਲ ਵੱਲ ਵਧ ਰਹੇ ਸਨ। ਦੂਜੇ ਪਾਸੇ ਸ੍ਰੀ ਦਰਬਾਰ ਸਾਹਿਬ ਵਿਖੇ ਵੀ ਵਰ੍ਹਦੇ ਮੀਂਹ ਵਿੱਚ ਲੋਕ ਨਤਮਸਤਕ ਹੋਣ ਲਈ ਪਹੁੰਚੇ। ਪ੍ਰਾਪਤ ਜਾਣਕਾਰੀ ਅਨੁਸਾਰ ਅੰਮ੍ਰਿਤਸਰ ਵਿੱਚ ਵੱਧ ਤੋਂ ਵੱਧ ਤਾਪਮਾਨ 37.2 ਅਤੇ ਘੱਟ ਤੋਂ ਘੱਟ ਤਾਪਮਾਨ 30.8 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ।

## ਸੁਪਰੀਮ ਕੋਰਟ ਦੇ ਜੱਜ ਨੇ ਮਨੀਸ਼ ਸਿਸੋਦੀਆ ਦੀ ਪਟੀਸ਼ਨ 'ਤੇ ਸੁਣਵਾਈ ਕਰਨ ਤੋਂ ਕੀਤਾ ਇਨਕਾਰ



ਨਵੀਂ ਦਿੱਲੀ, (ਲੋਕ ਬਾਣੀ)-ਸੁਪਰੀਮ ਕੋਰਟ ਦੇ ਜੱਜ ਜਸਟਿਸ ਸੰਜੇ ਕੁਮਾਰ ਨੇ 'ਆਪ' ਆਗੂ ਮਨੀਸ਼ ਸਿਸੋਦੀਆ ਦੀ ਆਬਕਾਰੀ ਨੀਤੀ ਕੇਸ ਵਿਚ ਉਨ੍ਹਾਂ ਦੀ ਜ਼ਮਾਨਤ ਪਟੀਸ਼ਨ ਨੂੰ ਰੱਦ ਕਰਨ ਦੇ ਦਿੱਲੀ ਹਾਈ ਕੋਰਟ ਦੇ ਆਦੇਸ਼ ਨੂੰ ਚੁਣੌਤੀ ਦੇਣ ਵਾਲੀ ਉਨ੍ਹਾਂ ਦੀ ਪਟੀਸ਼ਨ ਨੂੰ ਮੁੜ ਸੁਰਜੀਤ ਕਰਨ ਦੀ ਮੰਗ 'ਤੇ ਸੁਣਵਾਈ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਸੁਪਰੀਮ ਕੋਰਟ ਨੇ 15 ਜੁਲਾਈ ਢੁਕਵੀਂ ਬੈਂਚ ਅੱਗੇ ਇਸ ਨੂੰ ਸੂਚੀਬੱਧ ਕਰਨ ਦਾ ਨਿਰਦੇਸ਼ ਦਿੱਤਾ ਹੈ।

## ਸੀਮਾ ਸੁਰੱਖਿਆ ਬਲ ਦੇ ਜਵਾਨਾਂ ਨੇਂ 570 ਗ੍ਰਾਮ ਹੈਰੋਇਨ ਬਰਾਮਦ



ਫਿਰੋਜ਼ਪੁਰ, (ਲੋਕ ਬਾਣੀ) ਸੀਮਾ ਸੁਰੱਖਿਆ ਬਲ (ਬੀਐੱਸਐੱਫ਼) ਦੇ ਜਵਾਨਾਂ ਨੇ ਇਥੋਂ ਦੇ ਨਜ਼ਦੀਕੀ ਪਿੰਡ ਕਿਲਚੇ ਦੇ ਖੇਤਾਂ ਵਿੱਚੋਂ 570 ਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ। ਅਧਿਕਾਰੀਆਂ ਨੇ ਦੱਸਿਆ ਕਿ ਬੀਐੱਸਐੱਫ਼ ਦੇ ਇੰਟੈਲੀਜੈਂਸ ਵਿੰਗ ਨੂੰ ਫਿਰੋਜ਼ਪੁਰ ਦੇ ਸਰਹੱਦੀ ਖੇਤਰ ਵਿੱਚ ਨਸ਼ੀਲੇ ਪਦਾਰਥਾਂ ਦੀ ਮੌਜੂਦਗੀ ਬਾਰੇ ਸੂਚਨਾ ਮਿਲੀ ਸੀ। ਜਿਸ ਤੋਂ ਬਾਅਦ ਚਲਾਈ ਤਲਾਸ਼ੀ ਮੁਹਿੰਮ ਦੌਰਾਨ ਇੱਕ ਪੈਕੇਟ ਬਰਾਮਦ ਕੀਤਾ ਗਿਆ ਜਿਸ ਵਿੱਚ 570 ਗ੍ਰਾਮ ਹੈਰੋਇਨ ਮੌਜੂਦ ਸੀ। -ਏਐੱਨਆਈ

## ਬਠਿੰਡਾ ਵਿੱਚ ਕੌਮੀ ਮਾਰਗ 'ਤੇ ਲੁੱਟਾਂ-ਖੋਹਾਂ ਕਰਨ ਵਾਲੇ ਤਿੰਨ ਮੁਲਜ਼ਮ ਕਾਬੂ



ਬਠਿੰਡਾ (ਲੋਕ ਬਾਣੀ) ਬਠਿੰਡਾ ਪੁਲੀਸ ਨੇ ਕੌਮੀ ਮਾਰਗ 'ਤੇ ਕਥਿਤ ਲੁੱਟਾਂ-ਖੋਹਾਂ ਕਰਨ ਵਾਲੇ ਤਿੰਨ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਡੀਐੱਸਪੀ ਬਠਿੰਡਾ (ਦਿਹਾਤੀ) ਮਨਜੀਤ ਸਿੰਘ ਨੇ ਪ੍ਰੈਸ ਕਾਨਫਰੰਸ ਦੌਰਾਨ ਦੱਸਿਆ ਕਿ ਜ਼ਿਲ੍ਹਾ ਬਠਿੰਡਾ ਦੇ ਜੱਸੀ ਬਾਗ ਵਾਲੀ ਅਤੇ ਰੁਲਦੂ ਸਿੰਘ ਵਾਲਾ ਪਿੰਡਾਂ ਦਰਮਿਆਨ ਲੁਟੇਰਿਆਂ ਵੱਲੋਂ ਮੁੱਖ ਜੀਟੀ ਰੋਡ 'ਤੇ ਇੱਕ ਕੰਟੇਨਰ ਨੂੰ ਰੋਕਿਆ ਗਿਆ। ਮੁਲਜ਼ਮਾਂ ਨੇ ਲਿਫ਼ਟ ਲੈਣ ਦੇ ਬਹਾਨੇ ਕੰਟੇਨਰ ਚਾਲਕ ਗੁਰਵਿੰਦਰ ਸਿੰਘ ਉਰਫ਼ ਸਾਭਾ ਵਾਸੀ ਮਨਿਆਲ ਜ਼ਿਲ੍ਹਾ ਤਰਨ ਤਾਰਨ ਤੋਂ ਉਸ ਦੇ ਪਰਸ ਵਿੱਚੋਂ ਏਟੀਐਮ ਕਾਰਡ, ਆਧਾਰ ਕਾਰਡ, 1500 ਰੁਪਏ ਨਗਦ, ਮੋਬਾਈਲ ਫ਼ੋਨ, ਗੱਡੀ ਦੇ ਕਾਗਜ਼ਾਤ ਵਾਲੀ ਫਾਇਲ, ਬੈਂਕ ਦਾ ਚੈੱਕ ਅਤੇ ਗੱਡੀ ਦਾ ਡੈੱਕ ਜਬਰੀ ਖੋਹ ਲਿਆ ਅਤੇ ਚਲੇ ਗਏ। ਪੁਲੀਸ ਅਧਿਕਾਰੀ ਨੇ ਦੱਸਿਆ ਕਿ ਬੀਤੇ ਦਿਨ ਲੁਟੇਰਿਆਂ ਖ਼ਿਲਾਫ਼ ਇਸ ਸਬੰਧੀ ਥਾਣਾ ਸੰਗਤ ਵਿੱਚ ਕੇਸ ਰਜਿਸਟਰਡ ਕੀਤਾ ਗਿਆ।

## ਭਾਰਤੀ ਹਾਕੀ ਟੀਮ 'ਚ ਅੰਮ੍ਰਿਤਸਰ ਦੇ ਪੰਜ ਖਿਡਾਰੀ ਸ਼ਾਮਲ




ਅੰਮ੍ਰਿਤਸਰ (ਲੋਕ ਬਾਣੀ) ਦੇ ਪੰਜ ਹਾਕੀ ਖਿਡਾਰੀਆਂ ਨੂੰ ਪੈਰਿਸ ਓਲੰਪਿਕ ਵਿੱਚ ਹਿੱਸਾ ਲੈਣ ਵਾਲੀ 16 ਮੈਂਬਰੀ ਭਾਰਤੀ ਪੁਰਸ਼ ਹਾਕੀ ਟੀਮ ਵਿੱਚ ਸ਼ਾਮਲ ਕੀਤਾ ਗਿਆ ਹੈ। ਕੌਮੀ ਹਾਕੀ ਟੀਮ ਵਿੱਚ ਸ਼ਾਮਲ ਕੀਤੇ ਕਪਤਾਨ ਹਰਮਨਪ੍ਰੀਤ ਸਿੰਘ, ਗੁਰਜੰਟ ਸਿੰਘ, ਜਰਮਨਪ੍ਰੀਤ ਸਿੰਘ, ਸਮਸ਼ੇਰ ਸਿੰਘ ਅਤੇ ਜੁਗਰਾਜ ਸਿੰਘ ਅੰਮ੍ਰਿਤਸਰ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਦੇ ਵਾਸੀ ਹਨ।

ਪਿਛਲੇ ਕੁਝ ਸਾਲਾਂ ਤੋਂ ਅੰਮ੍ਰਿਤਸਰ ਦੇ ਹਾਕੀ ਖਿਡਾਰੀ ਭਾਰਤੀ ਹਾਕੀ ਟੀਮ ਦਾ ਮਜ਼ਬੂਤ ਹਿੱਸਾ ਬਣੇ ਹੋਏ ਹਨ। ਇੱਥੋਂ ਦੇ ਚਾਰ ਖਿਡਾਰੀ ਉਸ ਭਾਰਤੀ ਹਾਕੀ ਟੀਮ ਦਾ ਹਿੱਸਾ ਸਨ, ਜਿਸ ਨੇ ਏਸ਼ੀਆਈ ਖੇਡਾਂ 20 23 ਦੇ ਫਾਈਨਲ ਵਿੱਚ ਜਾਪਾਨ ਨੂੰ 5-1 ਨਾਲ ਹਰਾਇਆ ਸੀ। ਇਸ ਤੋਂ ਪਹਿਲਾਂ ਸਮਸ਼ੇਰ, ਗੁਰਜੰਟ, ਹਰਮਨਪ੍ਰੀਤ ਅਤੇ ਦਿਲਪ੍ਰੀਤ ਸਿੰਘ ਨੇ 2021 ਵਿੱਚ ਟੋਕੀਓ ਓਲੰਪਿਕ ਵਿੱਚ ਵੀ ਹਿੱਸਾ ਲਿਆ ਸੀ।

## ਸਿਟੀ ਪੁਲਿਸ ਨੇ ਦੋ ਵਿਅਕਤੀਆਂ ਖ਼ਿਲਾਫ਼ ਚੋਰੀ ਦਾ ਕੇਸ ਕੀਤਾ ਦਰਜ




ਸਮਾਣਾ (ਵਿਨੋਦ ਸ਼ਰਮਾ) ਇੱਥੇ ਘਰ ਦੇ ਬਾਹਰੋਂ ਸਕੂਟਰੀ ਚੋਰੀ ਕਰਨ ਦੇ ਮਾਮਲੇ ਵਿੱਚ ਸਿਟੀ ਪੁਲੀਸ ਨੇ ਦੋ ਵਿਅਕਤੀਆਂ ਖਿਲਾਫ ਕੇਸ ਦਰਜ ਕੀਤਾ ਹੈ। ਮੁਲਜ਼ਮਾਂ ਦੀ ਪਛਾਣ ਜੀਵਨ ਸਿੰਘ ਵਾਸੀ ਪਿੰਡ ਗੜ੍ਹੀ ਸਾਹਿਬ (ਗੁਹਲਾ-ਹਰਿਆਣਾ) ਅਤੇ ਕਮਲਜੀਤ ਸਿੰਘ ਵਾਸੀ ਪਿੰਡ ਸਵਾਜਪੁਰਾ ਪਟਿਆਲਾ ਵਜੋਂ ਹੋਈ ਹੈ। ਮਾਮਲੇ ਦੇ ਜਾਂਚ ਅਧਿਕਾਰੀ ਏਐੱਸਆਈ ਬੇਅੰਤ ਸਿੰਘ ਨੇ ਦੱਸਿਆ ਕਿ ਤਰੁਣ ਗੁਪਤਾ ਵਾਸੀ ਪ੍ਰਤਾਪ ਕਲੋਨੀ ਵੱਲੋਂ ਪੁਲੀਸ ਨੂੰ ਦਰਜ ਕਰਵਾਈ ਸ਼ਿਕਾਇਤ ਦੇ ਅਨੁਸਾਰ 24 ਜੂਨ ਦੀ ਦੁਪਹਿਰ ਅਗਰਸੇਨ ਕਲੋਨੀ 'ਚ ਆਪਣੇ ਚਾਚਾ ਦੇ ਘਰ ਦੇ ਬਾਹਰ ਖੜ੍ਹੀ ਕੀਤੀ ਗਈ ਉਸ ਦੀ ਸਕੂਟਰੀ ਕੁਝ ਮਿੰਟ ਬਾਅਦ ਹੀ ਗਾਇਬ ਹੋ ਗਈ। ਜਿਸ ਵਿਚ ਨਗਦੀ, ਦਸਤਾਵੇਜ਼ ਅਤੇ ਹੋਰ ਸਾਮਾਨ ਵੀ ਰੱਖਿਆ ਹੋਇਆ ਸੀ। ਅਧਿਕਾਰੀ ਅਨੁਸਾਰ ਮੁਲਜ਼ਮਾਂ ਦੀ ਪਛਾਣ ਹੋਣ ਕਾਰਨ ਉਨ੍ਹਾਂ ਨੂੰ ਜਲਦੀ ਹੀ ਕਾਬੂ ਕਰ ਲਿਆ ਜਾਵੇਗਾ।

# ਗਣਿਤ ਅਧਿਆਪਕ ਵਿਦਿਆਰਥਣਾਂ ਨਾਲ ਛੇੜਛਾੜ ਕਰਨ ਦੇ ਮਾਮਲੇ 'ਚ ਕੇਸ ਦਰਜ

## --ਸਰੀਰਕ ਸ਼ੋਸ਼ਣ ਦੇ ਨਾਲ-ਨਾਲ ਪੋਕਸੋ ਐਕਟ ਤਹਿਤ ਦੋਸ਼ੀ ਨੂੰ ਗ੍ਰਿਫ਼ਤਾਰ ਕਰ ਲਿਆ

ਖੰਨਾ/ਪਾਇਲ, (ਲੋਕ ਬਾਣੀ) - ਪੁਲਸ ਜਿਲ੍ਹਾ ਖੰਨਾ ਦੇ ਮਲੌਦ ਥਾਣਾ ਖੇਤਰ ਅਧੀਨ ਪੈਂਦੇ ਪਿੰਡ ਲਹਿਲ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ 'ਚ ਵਿਦਿਆਰਥਣਾਂ ਨਾਲ ਛੇੜਛਾੜ ਦੇ ਮਾਮਲੇ 'ਚ ਐਫ.ਆਈ.ਆਰ. ਕਰ ਲਈ ਗਈ ਹੈ। ਇਸ ਮਾਮਲੇ ਵਿੱਚ ਗਣਿਤ ਅਧਿਆਪਕ ਹਰਦਿਓ ਪ੍ਰਸਾਦ ਸਿੰਘ ਖ਼ਿਲਾਫ਼ ਥਾਣਾ ਮਲੌਦ ਵਿੱਚ ਕੇਸ ਦਰਜ ਕੀਤਾ ਗਿਆ ਸੀ। ਸਰੀਰਕ ਸ਼ੋਸ਼ਣ ਦੇ ਨਾਲ-ਨਾਲ ਪੋਕਸੋ ਐਕਟ ਵੀ ਲਗਾਇਆ ਗਿਆ ਹੈ। ਨਾਲ ਹੀ ਦੋਸ਼ੀ ਨੂੰ ਗ੍ਰਿਫਤਾਰ ਕਰ ਲਿਆ ਗਿਆ। ਦੋਸ਼ੀ ਅਧਿਆਪਕ ਦੀਆਂ ਮੁਸ਼ਕਿਲਾਂ ਆਉਣ ਵਾਲੇ ਦਿਨਾਂ 'ਚ ਹੋਰ ਵਧ ਸਕਦੀਆਂ ਹਨ। ਕਿਉਂਕਿ ਸਿੱਖਿਆ ਵਿਭਾਗ ਨੇ ਵੀ ਆਪਣੇ ਪੱਧਰ 'ਤੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਜਾਣਕਾਰੀ ਅਨੁਸਾਰ ਸੱਤਵੀਂ ਜਮਾਤ ਦੀਆਂ ਤਿੰਨ ਵਿਦਿਆਰਥਣਾਂ ਦੇ ਬਿਆਨ ਦਰਜ ਕਰਦਿਆਂ ਦੋਸ਼ ਲਾਇਆ ਸੀ ਕਿ ਗਣਿਤ ਅਧਿਆਪਕ ਵਿਦਿਆਰਥਣਾਂ ਦਾ ਸਰੀਰਕ ਸ਼ੋਸ਼ਣ ਕਰਦਾ ਸੀ। ਗਲਤ ਹਰਕਤਾਂ ਕੀਤੀਆਂ ਗਈਆਂ। ਇਸ ਦਾ ਵਿਦਿਆਰਥਣਾਂ ਦੇ ਪਰਿਵਾਰਕ ਮੈਂਬਰਾਂ ਵੱਲੋਂ ਵਿਰੋਧ ਕੀਤਾ ਗਿਆ। ਜਦੋਂ 4 ਪਿੰਡਾਂ ਦੇ ਲੋਕਾਂ ਨੇ ਸਕੂਲ 'ਚ ਆ ਕੇ ਆਪਣਾ ਗੁੱਸਾ ਜ਼ਾਹਰ ਕੀਤਾ ਤਾਂ ਸਥਿਤੀ ਨੂੰ ਸਮਝਦਿਆਂ ਪੁਲਸ ਮੌਕੇ 'ਤੇ ਪਹੁੰਚ ਗਈ। ਜਿਸ ਤੋਂ ਬਾਅਦ ਐਫਆਈਆਰ ਦਰਜ ਕੀਤੀ ਗਈ। ਇਸ ਮਾਮਲੇ ਵਿੱਚ ਮੰਗਲਵਾਰ ਸਵੇਰੇ ਵਿਦਿਆਰਥਣਾਂ ਦੇ ਪਰਿਵਾਰਕ ਮੈਂਬਰ ਸਕੂਲ ਵਿੱਚ ਇਕੱਠੇ ਹੋਏ ਸਨ। ਉਸ ਸਮੇਂ ਅਧਿਆਪਕ ਨੇ ਕੈਮਰੇ ਦੇ ਸਾਹਮਣੇ ਆਪਣੀ ਗਲਤੀ ਮੰਨ ਲਈ ਸੀ ਅਤੇ ਮੁਆਫੀ ਵੀ ਮੰਗ ਲਈ ਸੀ।ਇਸ ਮਾਮਲੇ ਵਿੱਚ ਸਕੂਲ ਪ੍ਰਿੰਸੀਪਲ ਅਤੇ ਹੋਰ ਸਟਾਫ ਦੀ ਭੂਮਿਕਾ ਵੀ ਸਵਾਲਾਂ ਦੇ ਘੇਰੇ ਵਿੱਚ ਹੈ। ਸਿੱਖਿਆ ਵਿਭਾਗ ਵੱਲੋਂ ਇਨ੍ਹਾਂ ਵਿਰੁੱਧ ਕੁਝ ਕਾਰਵਾਈ ਵੀ ਕੀਤੀ ਜਾ ਸਕਦੀ ਹੈ।

ਲੁਧਿਆਣਾ ਦੇ ਡਿਪਟੀ ਡੀਈਓ ਜਸਵਿੰਦਰ ਸਿੰਘ ਨੇ ਦੱਸਿਆ ਕਿ ਤਿੰਨ ਮੈਂਬਰੀ ਕਮੇਟੀ ਜਾਂਚ ਕਰ ਰਹੀ ਹੈ। ਉਮੀਦ ਹੈ ਕਿ ਅੱਜ ਸ਼ਾਮ ਤੱਕ ਰਿਪੋਰਟ ਮਿਲ ਜਾਵੇਗੀ। ਇਸ ਰਿਪੋਰਟ ਤੋਂ ਬਾਅਦ ਡੀਈਓ ਅਗਲੀ ਕਾਰਵਾਈ ਕਰਨਗੇ। ਉਨ੍ਹਾਂ ਦੀ ਟੀਮ ਸਕੂਲਾਂ ਅਤੇ ਪਿੰਡਾਂ ਵਿੱਚ ਡੂੰਘਾਈ ਨਾਲ ਜਾਂਚ ਕਰ ਰਹੀ ਹੈ। ਵਿਦਿਆਰਥਣਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਗੱਲਬਾਤ ਕੀਤੀ ਜਾ ਰਹੀ ਹੈ। ਜੇਕਰ ਕਿਸੇ ਸਟਾਫ ਦੀ ਗਲਤੀ ਸਾਹਮਣੇ ਆਈ ਤਾਂ ਉਸ ਖਿਲਾਫ ਵੀ ਕਾਰਵਾਈ ਕੀਤੀ ਜਾਵੇਗੀ। ਦੂਜੇ ਪਾਸੇ ਡੀਐਸਪੀ ਪਾਇਲ ਨਿਖਿਲ ਗਰਗ ਨੇ ਦੱਸਿਆ ਕਿ ਭਾਰਤੀ ਨਿਆਂ ਸੰਹਿਤਾ (ਬੀਐਨਐਸ) ਦੀ ਧਾਰਾ 75 (2) ਅਤੇ ਪੋਕਸੋ ਐਕਟ ਦੀ ਧਾਰਾ 12 ਤਹਿਤ ਕੇਸ ਦਰਜ ਕਰਕੇ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ।




# ਨੌਕਰੀ ਦਾ ਝਾਂਸਾ ਦੇ ਕੇ ਕਰੌੜਾਂ ਰੁਪਏ ਠੱਗਣ ਵਲੀ ਸਰਕਾਰੀ ਅਧਿਆਪਕਾ ਦੇ ਸਕੂਲ ਸਾਹਮਣੇ ਮਾਰਿਆ ਧਰਨਾ

ਖੰਨਾ,(ਲਾਲ ਸਿੰਘ ਮਾਂਗਟ)- ਵਰਲਡ ਬੈਂਕ ਚ ਨੌਕਰੀ ਦਵਾਉਣ ਤੇ ਕੈਨੇਡਾ ਭੇਜਣ ਦੇ ਨਾਮ ਉੱਤੇ ਝਾਂਸਾ ਦੇ ਕੇ ਕਰੌੜਾਂ ਰੁਪਏ ਠੱਗਣ ਵਾਲੀ ਸਰਕਾਰੀ ਅਧਿਆਪਕਾ ਖਿਲਾਫ, ਪੀੜਤ ਪਰਿਵਾਰਾਂ ਵਲੋ ਅੱਜ ਮਹਿਲਾ ਅਧਿਆਪਕਾ ਦੇ ਸਕੂਲ ਬਾਹਰਾ ਧਰਨਾ ਮਾਰਿਆ ਗਿਆ। ਧਰਨਾਕਾਰੀ ਮੰਗ ਕਰ ਰਹੇ ਸਨ ਕੇ ਸਿਖਿਆ ਵਿਭਾਗ ਸਰਕਾਰੀ ਅਧਿਆਪਕਾ ਖਿਲਾਫ ਜਾਅਲੀ ਆਈ ਕਾਰਡ ਬਣਾਏ ਜਾਣ ਨੂੰ ਲੈ ਕੇ ਕਾਨੂੰਨੀ ਕਾਰਵਾਈ ਕਰੇ। ਧਰਨਾਕਾਰੀਆਂ ਨੇ ਹੱਥਾਂ ਚ ਤਖ਼ਤੀਆਂ ਚੁਕੀਆਂ ਹੋਈਆਂ ਸਨ, ਜਿੰਨਾ ਉਪਰ ਲਿਖਿਆ ਹੋਇਆ ਸੀ ਸਾਡਾ ਹੱਕ ਏਥੇ ਰੱਖ, ਸੀਮਾ ਜੈਨ ਹਾਏ ਹ਼ਾਏ! , ਵਰਲਡ ਬੈਂਕ ਚ ਨੌਕਰੀ ਦਿਵਾਉਣ ਦੇ ਨਾਮ ਤੇ ਲਏ ਪੈਸੇ ਵਾਪਿਸ ਕਰੋ, ਸਾਡੀ ਖ਼ੂਨ ਪਸੀਨੇ ਦੇ ਕਮਾਈ ਵਾਪਿਸ ਦਿਓ ਆਦਿ। ਨਾਲ ਹੀ ਪੁਲਿਸ ਪ੍ਰਸ਼ਾਸਨ ਨੂੰ ਕਾਨੂੰਨੀ ਕਾਰਵਾਈ ਕਰਨ ਦੀ ਵੀ ਅਪੀਲ ਕੀਤੀ ਗਈ। ਕਿਸ਼ੋਰੀ ਲਾਲ ਜੇਠੀ ਸਰਕਾਰੀ ਗਰਲਜ ਸੀਨੀਅਰ ਸੈਕੰਡਰੀ ਸਕੂਲ ਖੰਨਾ ਬਾਹਰ ਧਰਨਾ ਦੇ ਰਹੇ ਪੀੜਤ ਗੌਰਵ ਸ਼ਰਮਾ ਅਤੇ ਮਾਡਰਨ ਬੇਕਰੀ ਦੇ ਮਾਲਕ ਵਰਿੰਦਰ ਕੁਮਾਰ ਨੇ ਦੱਸਿਆ ਕੇ ਸੀਮਾ ਜੈਨ ਉਸਦੇ ਪਤੀ ਮੁਹਿੰਦਰ ਜੈਨ, ਜਵਾਈ ਸਾਹਿਲ ਸ਼ਰਮਾ ਅਤੇ ਉਸਦੀ ਪਤਨੀ ਖ਼ੁਸ਼ਬੂ ਵੱਲੋਂ ਉਹਨਾਂ ਨੂੰ ਵਰਲਡ ਬੈਂਕ ਚ ਨੌਕਰੀ ਦਿਵਾਉਣ ਅਤੇ ਵਿਦੇਸ਼ ਭੇਜਣ ਦੇ ਨਾਮ ਉੱਤੇ ਉਹਨਾਂ ਤੋ ਕਰੌੜਾਂ




ਰੁਪਏ ਹੜੱਪ ਲਏ ਹਨ। ਉਹਨਾਂ ਦੱਸਿਆ ਕੇ ਸੀਮਾ ਜੈਨ ਵੱਲੋਂ ਆਪਣੇ ਪੱਛਮੀ ਵਿਹਾਰ ਨਵੀਂ ਦਿੱਲੀ ਵਾਲੇ ਘਰ ਅਤੇ ਜੀਟੀਬੀ ਨਗਰ ਖੰਨਾ (ਨੇੜੇ ਗੌਰਮੈਂਟ ਸਕੂਲ) ਵਾਲੇ ਘਰ ਚ ਮੀਟਿੰਗਾਂ ਦੌਰਾਨ ਆਪਣਾ ਕੇਂਦਰੀ ਵਿਦਿਆਲਾ ਸੰਗਠਨ ਦਾ ਪ੍ਰਿੰਸੀਪਲ ਦਾ ਕਾਰਡ ਸਾਨੂੰ ਵਿਖਾਇਆ ਗਿਆ ਅਤੇ ਆਖਿਆ ਗਿਆ ਕੇ ਮੈਂ ਪ੍ਰਿੰਸੀਪਲ ਲੱਗ ਗਈ ਹਾਂ।ਜਿਸ ਕਰਕੇ ਸਾਨੂੰ ਸੀਮਾ ਜੈਨ ਉੱਤੇ ਵਿਸ਼ਵਾਸ਼ ਹੋ ਗਿਆ ਸੀ।ਉਹਨਾਂ ਕਿਹਾ ਕੇ ਅੱਜ ਦੇ ਧਰਨੇ ਦਾ ਮੁੱਖ ਮਕਸਦ ਕੁੰਭਕਰਨੀ ਸੌਂ ਰਹੇ ਸਿਖਿਆ ਵਿਭਾਗ ਨੂੰ ਜਗਾਉਣਾ ਹੈ ਤਾ ਜੋ ਸੀਮਾ ਜੈਨ ਵਲੋ ਇਕ ਸਰਕਾਰੀ ਅਧਿਆਪਕ ਹੁੰਦੇ ਜੋ ਪ੍ਰਿੰਸੀਪਲ ਦਾ ਆਈ ਕਾਰਡ ਬਣਵਾਇਆ ਗਿਆ। ਉਸ ਨੂੰ ਲੈ ਕੇ ਵਿਭਾਗ ਸੀਮਾ ਜੈਨ ਵਿਰੁਧ ਕਾਨੂੰਨੀ (420 ਦਾ ਮੁਕੱਦਮਾ) ਕਾਰਵਾਈ ਕਰੇ। ਧਰਨਕਾਰੀਆਂ ਨੇ ਕਿਹਾ ਕੇ ਜੇਕਰ ਸਿਖਿਆ ਵਿਭਾਗ ਨੇ ਸਬੰਧਤ ਅਧਿਆਪਕਾ ਖਿਲਾਫ ਕੋਈ ਕਾਰਵਾਈ ਨਾ ਕੀਤੀ ਤਾ ਉਹ ਪੰਜਾਬ ਦੇ ਸਿਖਿਆ ਮੰਤਰੀ ਦੀ ਕੋਠੀ ਅੱਗੇ ਧਰਨਾ ਮਾਰਨ ਲਈ ਮਜਬੂਰ ਹੋਣਗੇ। ਇਸ ਮੌਕੇ ਹੋਰਨਾਂ ਤੋ ਇਲਾਵਾ ਜਗਦੀਸ਼ ਚੰਦ, ਜਗਦੀਸ਼ ਲਾਲ ਅਤੇ ਉਹਨਾਂ ਦੇ ਹੋਰ ਪਰਵਾਰਕ ਮੈਂਬਰ ਮਜੂਦ ਸਨ।

# ਜ਼ਿਲ੍ਹਾ ਖਪਤਕਾਰ ਕਮਿਸ਼ਨ ਵੱਲੋਂ ਬੂਟੇ ਲਗਾਉਣ ਦੀ ਮੁਹਿੰਮ ਸ਼ੁਰੂ




ਬਰਨਾਲਾ, (ਲੋਕ ਬਾਣੀ) ਸ੍ਰੀ ਅਸ਼ੀਸ਼ ਕੁਮਾਰ ਗਰੋਵਰ ਪ੍ਰਧਾਨ ਜ਼ਿਲ੍ਹਾ ਖਪਤਕਾਰ ਕਮਿਸ਼ਨ ਬਰਨਾਲਾ ਦੀ ਅਗਵਾਈ ਹੇਠ ਅੱਜ ਵਾਤਾਵਰਨ ਨੂੰ ਸਮਰਪਿਤ ਅਤੇ ਧਰਤੀ ਨੂੰ ਹਰਿਆ ਭਰਿਆ ਰੱਖਣ ਦੀ ਮੁਹਿੰਮ ਤਹਿਤ ਬੂਟੇ ਲਗਾਏ ਗਏ।

ਇਸ ਮੌਕੇ ਸ੍ਰੀ ਅਸ਼ੀਸ਼ ਕੁਮਾਰ ਗਰੋਵਰ ਨੇ ਅਪੀਲ ਕੀਤੀ ਕਿ ਸਾਨੂੰ ਸਭ ਨੂੰ ਵੱਧ ਤੋਂ ਵੱਧ ਬੂਟੇ ਲਗਾਉਣੇ ਚਾਹੀਦੇ ਹਨ ਅਤੇ ਇਸ ਦੇ ਨਾਲ ਇਹਨਾਂ ਦੀ ਸਾਂਭ-ਸੰਭਾਲ ਵੀ ਕਰਨੀ ਚਾਹੀਦੀ ਹੈ ਤਾਂ ਜੋ ਵਾਤਾਵਰਣ ਨੂੰ ਗੰਧਲਾ ਹੋਣ ਤੋਂ ਬਚਾਉਣ ਲਈ ਅਤੇ ਇਸ ਨੂੰ ਸ਼ੁੱਧ ਰੱਖਣ ਵਿੱਚ ਸਮਾਜ ਪ੍ਰਤੀ ਆਪਣਾ ਯੋਗਦਾਨ ਪਾਇਆ ਜਾ ਸਕੇ। ਇਸ ਮੌਕੇ ਸ੍ਰੀਮਤੀ ਉਰਮਿਲਾ ਕੁਮਾਰੀ ਮੈਂਬਰ, ਸ੍ਰੀ ਨਵਦੀਪ ਗਰਗ ਮੈਂਬਰ ਅਤੇ ਹੋਰ ਸਟਾਫ ਮੌਜੂਦ ਸੀ।

# ਜ਼ਿਲਾ ਕਾਨੂੰਨੀ ਸੇਵਾਵਾਂ ਅਥਾਰਟੀ ਵਲੋਂ ਸਰਕਾਰੀ ਹਾਈ ਸਕੂਲ ਫੈਕਟਰੀ ਏਰੀਆ ਵਿਖੇ ਮੁਫ਼ਤ ਕਾਨੂੰਨੀ ਸੇਵਾਵਾਂ ਜਾਗਰੂਕਤਾ ਸੈਮੀਨਾਰ ਆਯੋਜਿਤ

ਪਟਿਆਲਾ (ਲੋਕ ਬਾਣੀ)

ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੀ ਸਰਪ੍ਰਸਤੀ ਅਤੇ ਮੈਡਮ ਰੁਪਿੰਦਰਜੀਤ ਚਹਿਲ ਜ਼ਿਲ੍ਹਾ ਅਤੇ ਸੈਸ਼ਨ ਜੱਜ ਕਮ ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਪਟਿਆਲਾ ਅਤੇ ਮੈਡਮ ਮਾਨੀ ਅਰੋੜਾ ਚੀਫ਼ ਜੁਡੀਸ਼ੀਅਲ ਮੈਜਿਸਟ੍ਰੇਟ ਕਮ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਪਟਿਆਲਾ ਦੀ ਦੇਖ-ਰੇਖ ਹੇਠ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਪਟਿਆਲਾ ਵਲੋਂ ਸਕੂਲ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਇੱਕ ਮੁਫ਼ਤ ਕਾਨੂੰਨੀ ਜਾਗਰੂਕਤਾ ਸੈਮੀਨਾਰ ਸਰਕਾਰੀ ਹਾਈ ਸਕੂਲ ਫੈਕਟਰੀ ਏਰੀਆ ਵਿਖੇ ਆਯੋਜਿਤ ਕੀਤਾ ਗਿਆ।




ਇਸ ਮੌਕੇ ਕੀ ਨੋਟ ਸਪੀਕਰ ਉੱਘੇ ਸਮਾਜਸੇਵੀ ਵਾਤਾਵਰਨ ਤੇ ਕਲਾ ਪ੍ਰੇਮੀ ਭਗਵਾਨ ਦਾਸ ਗੁਪਤਾ ਪੈਰਾ ਲੀਗਲ ਵਲੰਟੀਅਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਪਟਿਆਲਾ ਨੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਮੁਫ਼ਤ ਕਾਨੂੰਨੀ ਸੇਵਾਵਾਂ, ਲੋਕ ਅਦਾਲਤਾਂ ਦੇ ਲਾਭ, ਸਥਾਈ ਲੋਕ ਅਦਾਲਤ ( ਜਨ ਉਪਯੋਗਤਾ ਸੇਵਾਵਾਂ ) ਬਾਰੇ ਜਾਗਰੂਕ ਕੀਤਾ ।

ਭਗਵਾਨ ਦਾਸ ਗੁਪਤਾ ਨੇ ਹਾਜ਼ਰੀਨ ਨੂੰ ਅਥਾਰਟੀ ਵਲੋਂ ਦਿੱਤੀਆਂ ਜਾਂਦੀਆਂ ਵੱਖ ਵੱਖ ਮੁਫ਼ਤ ਕਾਨੂੰਨੀ ਸੇਵਾਵਾਂ ਅਤੇ ਪੰਜਾਬ ਪੀੜਤ ਮੁਆਵਜ਼ਾ ਸਕੀਮ-2017 ਬਾਰੇ ਵੀ ਜਾਣਕਾਰੀ ਦਿੱਤੀ ਗਈ। ਇਸ ਤੋਂ ਇਲਾਵਾ 29 ਜੁਲਾਈ ਤੋਂ 3 ਅਗਸਤ ਤੱਕ ਸੁਪਰੀਮ ਕੋਰਟ ਦਿੱਲੀ ਵਿਖੇ ਲੱਗਣ ਵਾਲੀ ਸਪੈਸ਼ਲ ਲੋਕ ਅਦਾਲਤ ਅਤੇ ਸਤੰਬਰ ਮਹੀਨੇ ਵਿੱਚ ਲੱਗਣ ਜਾ ਰਹੀ ਨੈਸ਼ਨਲ ਲੋਕ ਅਦਾਲਤ ਬਾਰੇ ਵੀ ਜਾਣਕਾਰੀ ਦਿੱਤੀ।

ਸਕੂਲ ਦੀ ਮੁੱਖ ਅਧਿਆਪਕਾ ਮਾਲਵਿੰਦਰ ਕੌਰ ਪੀਈਐਸ -2 ਨੇ ਲੋਕਾਂ ਨੂੰ ਮੁਫ਼ਤ ਕਾਨੂੰਨੀ ਸੇਵਾਵਾਂ ਦਾ ਵੱਧ ਤੋਂ ਵੱਧ ਲਾਹਾ ਲੈਣ ਦੀ ਅਪੀਲ ਕੀਤੀ। ਸਮਾਜ ਸੇਵਕ ਤੇ ਵਾਤਾਵਰਨ ਪ੍ਰੇਮੀ ਜਨਕ ਰਾਜ ਗੁਪਤਾ ਨੇ ਵਿਦਿਆਰਥੀਆਂ ਨੂੰ ਵਾਤਾਵਰਨ ਨੂੰ ਬਚਾਉਣ ਅਤੇ ਸਾਫ਼ ਸੁਥਰਾ ਰੱਖਣ ਲਈ ਆਪਣੇ ਘਰਾਂ ਦੇ ਆਲੇ ਦੁਆਲੇ ਵੱਧ ਤੋਂ ਵੱਧ ਪੌਦੇ ਲਗਾਉਣ ਦੀ ਵੀ ਅਪੀਲ ਕੀਤੀ ਇਸ ਮੌਕੇ ਉਪਿੰਦਰਜੀਤ ਕੌਰ, ਅਮਰਜੀਤ ਕੌਰ, ਰੁਪਾਲੀ, ਮਿਸ਼ ਰਿਤੂ ਤੋਂ ਇਲਾਵਾ ਸਕੂਲ ਦਾ ਸਟਾਫ਼ ਅਤੇ ਵਿਦਿਆਰਥੀ ਹਾਜ਼ਰ ਸਨ।

# ਆਸਰਾ ਫਾਊਂਡੇਸ਼ਨ ਵਲੋਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਬੂਟਿਆਂ ਦਾ ਲੰਗਰ 14 ਜੁਲਾਈ ਨੂੰ




ਸ੍ਰੀ ਆਨੰਦਪੁਰ ਸਾਹਿਬ, (ਦਵਿੰਦਰਪਾਲ ਸਿੰਘ): ਪ੍ਰਦੂਸ਼ਿਤ ਹੋ ਰਹੇ ਵਾਤਾਵਰਣ ਨੂੰ ਬਚਾਉਣ ਦੇ ਲਈ ਆਸਰਾ ਫਾਊਂਡੇਸ਼ਨ (ਰਜਿ:) ਸ੍ਰੀ ਅਨੰਦਪੁਰ ਸਾਹਿਬ ਵੱਲੋਂ ਜਿਥੇ ਲੰਮੇ ਸਮੇਂ ਤੋਂ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ ਉਥੇ ਹੀ ਇਸੇ ਲੜੀ ਤਹਿਤ ਸ਼੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸੰਸਥਾ ਵਲੋਂ 14 ਜੁਲਾਈ ਦਿਨ ਐਤਵਾਰ ਨੂੰ ਬੂਟਿਆਂ ਦਾ ਲੰਗਰ ਲਗਾਉਣ ਦਾ ਫੈਸਲਾ ਕੀਤਾ ਹੈ। ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਫਾਊਂਡੇਸ਼ਨ ਦੇ ਪ੍ਰਧਾਨ ਮਾ.ਸੰਜੀਵ ਧਰਮਾਣੀ ਨੇ ਦੱਸਿਆ ਕਿ ਪ੍ਰਦੂਸ਼ਿਤ ਹੋ ਰਹੇ ਵਾਤਾਵਰਣ ਨੂੰ ਬਚਾਉਣ ਦੇ ਲਈ ਇਕ ਵਿਸ਼ੇਸ਼ ਉੱਦਮ ਉਪਰਾਲਾ ਕਰਦਿਆਂ ਹਰ ਵਾਰ ਦੀ ਤਰਾਂ ਇਸ ਵਾਰ ਵੀ ਆਸਰਾ ਫਾਊਂਡੇਸ਼ਨ ਸ੍ਰੀ ਅਨੰਦਪੁਰ ਸਾਹਿਬ ਵੱਲੋਂ 14 ਜੁਲਾਈ ਦਿਨ ਐਤਵਾਰ ਨੂੰ ਸ਼ਾਮ 5 ਵਜੇ ਭਗਤ ਰਵਿਦਾਸ ਚੌਕ ਸ੍ਰੀ ਅਨੰਦਪੁਰ ਸਾਹਿਬ ਵਿਖੇ ਬੂਟੇ ਵੰਡੇ ਜਾਣਗੇ। ਇਸ ਮੌਕੇ ਉਨ੍ਹਾਂ ਵੱਧ ਤੋਂ ਵੱਧ ਵਾਤਾਵਰਣ ਪ੍ਰੇਮੀਆਂ ਨੂੰ ਬੂਟੇ ਲਗਾ ਕੇ ਪ੍ਰਦੂਸ਼ਿਤ ਹੋ ਰਹੇ ਵਾਤਾਵਰਣ ਨੂੰ ਬਚਾਉਣ ਦੀ ਅਪੀਲ ਵੀ ਕੀਤੀ। ਇਸ ਮੌਕੇ ਨਵੀਨ ਕੁਮਾਰ, ਦਵਿੰਦਰਪਾਲ ਸਿੰਘ, ਅੰਕੁਸ਼ ਕੁਮਾਰ, ਜਸਦੀਪ ਸਿੰਘ ਧਾਰੀਵਾਲ, ਸਤਿੰਦਰਪਾਲ ਸਿੰਘ, ਦੁਰੋਹਿਨ ਘਈ, ਧੀਰਜ ਘਈ ਆਦਿ ਹਾਜ਼ਰ ਸਨ।

# ਪਸ਼ੂਆਂ ਨੂੰ ਬੇਸਹਾਰਾ ਛੱਡਣ ਵਾਲਿਆਂ 'ਤੇ ਹੋਵੇਗੀ ਕਾਰਵਾਈ- ਜ਼ਿਲ੍ਹਾ ਮੈਜਿਸਟ੍ਰੇਟ

ਸ਼ਹੀਦ ਭਗਤ ਸਿੰਘ ਨਗਰ (ਰਮੇਸ ਸ਼ਰਮਾ/ਮਨਪ੍ਰੀਤ ਵਾਸੂ) ਜ਼ਿਲ੍ਹਾ ਮੈਜਿਸਟ੍ਰੇਟ ਨਵਜੋਤ ਪਾਲ ਸਿੰਘ ਰੰਧਾਵਾ ਨੇ ਪਸ਼ੂਆਂ ਨੂੰ ਬੇਸਹਾਰਾ ਛੱਡਣ ਵਾਲੇ ਲੋਕਾਂ ਨੂੰ ਅਜਿਹਾ ਕਰਨ ਤੋਂ ਰੋਕਣ ਲਈ ਫੌਜਦਾਰੀ ਜ਼ਾਬਤਾ ਸੰਘਤਾ 1973 (1974 ਦਾ ਐਕਟ-2) ਦੀ ਧਾਰਾ 144 ਅਧੀਨ ਗਾਵਾਂ/ਪਸ਼ੂਆਂ ਨੂੰ ਬੇਸਹਾਰਾ ਛੱਡਣ 'ਤੇ ਰੋਕ ਲਗਾਉਣ ਦੇ ਹੁਕਮ ਜਾਰੀ ਕੀਤੇ ਹਨ।ਉਨ੍ਹਾਂ ਕਿਹਾ ਕਿ ਗਊਵੰਸ਼ ਦਾ ਕੁਝ ਧਰਮਾਂ ਵਿਚ ਬਹੁਤ ਜ਼ਿਆਦਾ ਸਤਿਕਾਰ ਹੋਣ ਕਾਰਨ ਗਊਵੰਸ਼ ਨੂੰ ਇਸ ਤਰ੍ਹਾਂ ਬੇਸਹਾਰਾ ਛੱਡਣ ਕਾਰਨ ਉਨ੍ਹਾਂ ਨੂੰ ਪੁੱਜਣ ਵਾਲੇ ਜਾਨੀ ਨੁਕਸਾਨ ਨਾਲ ਜਿਥੇ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚ ਸਕਦੀ ਹੈ, ਉਥੇ ਅਮਨ ਅਤੇ ਕਾਨੂੰਨ ਦੀ ਸਮੱਸਿਆ ਵੀ ਪੈਦਾ ਹੋ ਸਕਦੀ ਹੈ।ਉਨ੍ਹਾਂ ਕਿਹਾ ਕਿ ਇਨ੍ਹਾਂ ਹੁਕਮਾਂ ਨੂੰ ਲਾਗੂ ਕਰਨ ਲਈ ਪੁਲਿਸ ਵਿਭਾਗ, ਪਸ਼ੂ ਪਾਲਣ ਵਿਭਾਗ, ਬੀ.ਡੀ.ਪੀ.ਓਜ਼, ਕਾਰਜ ਸਾਧਕ ਅਫ਼ਸਰ ਜ਼ਿੰਮੇਵਾਰ ਹੋਣਗੇ ਅਤੇ ਜੇਕਰ ਉਨ੍ਹਾਂ ਦੇ ਧਿਆਨ ਵਿੱਚ ਕੋਈ ਬੇਸਹਾਰਾ ਪਸ਼ੂ ਛੱਡਣ ਦੀ ਘਟਨਾ ਆਉਂਦੀ ਹੈ ਤਾਂ ਤੁਰੰਤ ਅਜਿਹੇ ਵਿਅਕਤੀਆਂ ਵਿਰੁੱਧ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ। ਇਸ ਤੋਂ ਇਲਾਵਾ ਪਸ਼ੂਆਂ ਨੂੰ ਬੇਸਹਾਰਾ ਛੱਡਣ ਨਾਲ ਇਹ ਸੜਕਾਂ 'ਤੇ ਹਾਦਸਿਆਂ ਦਾ ਕਾਰਨ ਵੀ ਬਣਦੇ ਹਨ। ਇਹ ਹੁਕਮ 7 ਸਤੰਬਰ 2024 ਤੱਕ ਲਾਗੂ ਰਹੇਗਾ।

# ਆਸਰਾ ਫਾਊਂਡੇਸ਼ਨ ਵੱਲੋਂ ਲਗਾਏ ਗਏ ਬੂਟਿਆਂ ਦੀ ਮੈਂਬਰਾਂ ਵੱਲੋਂ ਲਗਾਤਾਰ ਕੀਤੀ ਜਾ ਰਹੀ ਸਾਂਭ ਸੰਭਾਲ

## ਬਰਸਾਤ ਦੇ ਮੌਸਮ ਦੌਰਾਨ ਵੱਧ ਤੋਂ ਵੱਧ ਬੂਟੇ ਲਗਾਉਣ ਦੀ ਵੀ ਕੀਤੀ ਅਪੀਲ

ਸ਼੍ਰੀ ਅਨੰਦਪੁਰ ਸਾਹਿਬ (ਦਵਿੰਦਰਪਾਲ ਸਿੰਘ): ਸ੍ਰੀ ਅਨੰਦਪੁਰ ਸਾਹਿਬ ਦੇ ਨੌਜਵਾਨਾਂ ਵੱਲੋਂ ਚਲਾਈ ਜਾ ਰਹੀ ਸੰਸਥਾ ਆਸਰਾ ਫਾਊਂਡੇਸ਼ਨ (ਰਜਿ:) ਵੱਲੋਂ ਬੀਤੇ 2 ਸਾਲਾਂ ਤੋਂ ਸੈਂਕੜਿਆਂ ਦੀ ਗਿਣਤੀ ਵਿੱਚ ਵੱਖ ਵੱਖ ਥਾਵਾਂ ਤੇ ਬੂਟੇ ਲਗਾਏ ਜਾ ਰਹੇ ਹਨ ਉੱਥੇ ਹੀ ਉਨਾਂ ਦੀ ਸਾਂਭ ਸੰਭਾਲ ਵੀ ਕੀਤੀ ਜਾ ਰਹੀ ਹੈ।ਇਸ ਸੰਬੰਧੀ ਹੋਰ ਜਾਣਕਾਰੀ ਦਿੰਦਿਆਂ ਫਾਊਂਡੇਸ਼ਨ ਦੇ ਪ੍ਰੈੱਸ ਸਕੱਤਰ ਕੰਵਲਜੋਤ ਸਿੰਘ ਨੇ ਦੱਸਿਆ ਕਿ ਆਸਰਾ ਫਾਊਂਡੇਸ਼ਨ ਦੇ ਸਾਰੇ ਮੈਂਬਰਾਂ ਵੱਲੋਂ ਆਪਣੇ ਆਪਣੇ ਜਨਮਦਿਨ ਮੌਕੇ ਤੇ ਬੂਟੇ ਲਗਾਏ ਹੀ ਜਾਂਦੇ ਹਨ ਉੱਥੇ ਹੀ ਬਰਸਾਤਾਂ ਦੇ ਮੌਸਮ ਵਿੱਚ ਵੀ ਵੱਖ ਵੱਖ ਥਾਵਾਂ ਤੇ ਬੂਟੇ ਲਗਾਏ ਜਾਂਦੇ ਹਨ ਤਾਂ ਜੋ ਆਪਣੇ ਆਲੇ ਦੁਆਲੇ ਵਾਤਾਵਰਨ ਨੂੰ ਹਰਿਆ ਭਰਿਆ ਰੱਖ ਸਕੀਏ।ਉਨਾਂ ਦੱਸਿਆ ਕਿ ਬੀਤੇ ਸਮੇਂ ਦੌਰਾਨ ਪੁੱਡਾ ਪਾਰਕ ਸਮੇਤ ਵੱਖ ਵੱਖ ਥਾਵਾਂ ਤੇ ਫਾਊਂਡੇਸ਼ਨ ਵੱਲੋਂ ਵੱਖ ਵੱਖ ਬੂਟੇ ਲਗਾਏ ਗਏ ਸਨ ਜਿਨਾਂ ਦੀ ਸਾਂਭ ਸੰਭਾਲ ਵਧੀਆ ਤਰੀਕੇ ਨਾਲ ਕੀਤੀ ਜਾ ਰਹੀ ਹੈ।ਉਨਾਂ ਦੱਸਿਆ ਕਿ ਇਸ ਸਾਲ ਗਰਮੀ ਨੇ ਦੇਸ਼ ਵਿੱਚ ਪਿਛਲੇ ਸਾਰੇ ਰਿਕਾਰਡ ਤੋੜ ਦਿੱਤੇ ਤੇ ਪਾਰਾ 50 ਡਿਗਰੀ ਦੇ ਨੇੜੇ ਪਹੁੰਚ ਗਿਆ ਜਿਸ ਦਾ ਇੱਕ ਇੱਕੋ ਕਾਰਨ ਲਗਾਤਾਰ ਹੋ ਰਹੀ ਰੁੱਖਾਂ ਦੀ ਕਟਾਈ ਹੀ ਹੈ।ਉਨਾਂ ਦੱਸਿਆ ਕਿ ਜੇਕਰ ਸਮਾਂ ਰਹਿੰਦਿਆਂ ਸਾਡੇ ਵੱਲੋਂ ਕੋਈ ਠੋਸ ਕਦਮ ਨਹੀਂ ਚੁੱਕੇ ਗਏ ਤਾਂ ਆਉਣ ਵਾਲੇ ਸਮੇਂ ਵਿੱਚ ਵਾਤਾਵਰਨ ਦਾ ਸੰਤੁਲਨ ਵਿਗੜਨ ਕਾਰਨ ਇਨਸਾਨਾਂ ਨੂੰ ਖਤਰਨਾਕ ਨਤੀਜੇ ਭੁਗਤਣੇ ਪੈਣਗੇ।




ਇਸ ਮੌਕੇ ਆਸਰਾ ਫਾਊਂਡੇਸ਼ਨ ਦੇ ਪ੍ਰਧਾਨ ਮਾ.ਸੰਜੀਵ ਧਰਮਾਣੀ ਨੇ ਕਿਹਾ ਕਿ ਆਸਰਾ ਫਾਊਂਡੇਸ਼ਨ ਵੱਲੋਂ ਘਰ ਘਰ ਹਰਿਆਵਲ ਮੁਹਿੰਮ ਵੀ ਸ਼ੁਰੂ ਕੀਤੀ ਗਈ ਹੈ ਤੇ ਇਸ ਮੁਹਿੰਮ ਤਹਿਤ ਫਾਊਂਡੇਸ਼ਨ ਦੇ ਮੈਂਬਰ ਘਰ ਘਰ ਜਾ ਕੇ ਬੂਟੇ ਲਗਾਏ ਜਾਂਦੇ ਹਨ।ਉਨਾਂ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਹੁਣ ਬਰਸਾਤ ਦਾ ਮੌਸਮ ਸ਼ੁਰੂ ਹੋਣ ਵਾਲਾ ਹੈ ਤੇ ਸਾਰੇ ਆਪਣੀ ਜਿੰਮੇਵਾਰੀ ਸਮਝਿਦਿਆਂ ਵੱਧ ਤੋਂ ਵੱਧ ਬੂਟੇ ਲਗਾਉਣ ਤਾਂ ਜੋ ਸਾਡਾ ਵਾਤਾਵਰਨ ਸਾਫ ਰਹਿ ਸਕੇ ਤੇ ਸਾਡਾ ਆਲਾ ਦੁਆਲਾ ਹਰਿਆ ਭਰਿਆ ਰਹੇ।ਇਸ ਮੌਕੇ ਉਨਾਂ ਨਾਲ ਡਾ:ਮਨਜੀਤ ਸਿੰਘ ਵੀ ਮੌਜੂਦ ਸਨ।

# ਵੱਖ-ਵੱਖ ਸਿਹਤ ਸੰਸਥਾਂਵਾ ਵਿੱਚ ਲਗਾਏ ਪੌਦੇ

ਸ੍ਰੀ ਅਨੰਦਪੁਰ ਸਾਹਿਬ, (ਦਵਿੰਦਰਪਾਲ ਸਿੰਘ): ਡਾ.ਮੰਨੁ ਵਿਜ਼ ਸਿਵਲ ਸਰਜਨ ਰੂਪਨਗਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਤੇ ਡਾ.ਦਲਜੀਤ ਕੌਰ ਸੀਨੀਅਰ ਮੈਡੀਕਲ ਅਫਸਰ ਦੀ ਅਗਵਾਈ ਹੇਠ ਵੱਖ-ਵੱਖ ਸਿਹਤ ਤੇ ਤੰਦਰੁਸਤੀ ਕੇਂਦਰਾਂ ਵਿੱਚ ਪੌਦੇ ਲਗਾਏ ਜਾ ਰਹੇ ਹਨ। ਇਸੇ ਤਹਿਤ ਅੱਜ ਬੇਲਾ ਰਾਮਗੜ੍ਹ ਅਤੇ ਮਹਿਲਵਾਂ ਵਿਖੇ ਸਿਹਤ ਕਰਮਚਾਰੀਆਂ ਵਲੋਂ ਵੱਖ-ਵੱਖ ਤਰਾਂ ਦੇ ਛਾਂਦਾਰ ਤੇ ਫ਼ਲਦਾਰ ਬੂਟੇ ਲਗਾਏ ਗਏ।

ਇਸ ਮੌਕੇ ਤੇ ਡਾ.ਦਲਜੀਤ ਕੌਰ ਨੇ ਕਿਹਾ ਕਿ ਮਨੁੱਖ ਨੇ ਕੁਦਰਤ ਵਲੋਂ ਮਿਲੇ ਖੁਬਸੂਰਤ ਵਾਤਾਵਰਣ ਨੂੰ ਆਪ ਵਿਗਾੜ ਰਹੇ ਹਾਂ। ਅੱਜ ਦੇ ਪ੍ਰਦੂਸ਼ਣ ਭਰੇ ਵਾਤਾਵਰਣ ਨੂੰ ਸ਼ੁੱਧ ਕਰਨ ਲਈ ਹਰੇਕ ਵਿਅਕਤੀ ਨੂੰ ਇੱਕ ਪੌਦਾ ਜਰੂਰ ਲਗਾਉਣਾ ਚਾਹੀਦਾ ਹੈ। ਅੱਜ ਦੇ ਯੁੱਗ ਵਿੱਚ ਲਗਾਤਾਰ ਵਧ ਰਹੇ ਪ੍ਰਦੂਸ਼ਣ ਕਾਰਨ ਵਾਤਾਵਰਣ ਵਿੱਚ ਸਲਫਰ ਡਾਇਆਕਸਾਈਡ ਅਤੇ ਨਾਈਟ੍ਰੋਜਨ ਡਾਇਆਕਸਾਈਡ ਦੀ ਮਾਤਰਾ ਕਾਫੀ ਹੱਦ ਤੱਕ ਵਧ ਗਈ ਹੈ। ਜਿਸ ਦੇ ਨਤੀਜੇ ਵਜੋਂ ਭਾਰਤ ਵਰਗੇ ਦੇਸ਼ ਵਿੱਚ ਕੈਂਸਰ ,ਦਮਾ,ਸਾਹ,ਤਪਦਿਕ ਅਤੇ ਦਿਲ ਦੇ ਰੋਗੀਆਂ ਦੀ ਗਿਣਤੀ ਵਿੱਚ ਤੇਜੀ ਨਾਲ ਵਾਧਾ ਹੋ ਰਿਹਾ ਹੈ ਅਤੇ ਦੇਸ਼ ਦੀ ਆਬਾਦੀ ਦਾ 1 % ਕੈਂਸਰ ਵਰਗੀ ਖਤਰਨਾਕ ਬੀਮਾਰੀ ਦੇ ਜਾਲ ਵਿੱਚ ਫਸ ਚੁੱਕਾ ਹੈ।ਇਸ ਲਈ ਸਾਨੂੰ ਕੁਦਰਤ ਵਲੋਂ ਦਿੱਤੇ ਗਏ ਇਸ ਅਨਮੋਲ ਤੋਹਫੇ ਦੀ ਸੰਭਾਲ ਜਿਮੇਵਾਰੀ ਨਾਲ ਕਰਨੀ ਚਾਹੀਦੀ ਹੈ।ਵਾਤਾਵਰਣ ਦੀ ਸੰਭਾਲ ਲਈ ਸਾਨੂੰ ਵੱਧ ਤੋਂ ਵੱਧ ਰੁੱਖ ਲਗਾਉਣ ਚਾਹੀਦੇ ਹਨ ਅਤੇ ਖੇਤੀ ਕਰਨ ਲਈ ਰਸਾਇਣਕ ਖਾਦਾਂ ਦੀ ਬਜਾਏ ਜੈਵਿਕ ਖਾਦਾਂ ਦਾ ਉਪਯੋਗ ਕਰਨਾ ਚਾਹੀਦਾ ਹੈ।ਕਿਉਂ ਜੋ ਰਸਾਇਣਕ ਖਾਦਾਂ ਅਤੇ ਕੀਟਨਾਸ਼ਕਾ ਦੀ ਵੱਧ ਵਰਤੋਂ ਕਾਰਨ ਪੀਣ ਵਾਲਾ ਪਾਣੀ ਜਹਿਰੀਲਾ ਸ਼ੁਰੂ ਹੋ ਚੁੱਕਾ ਹੈ ਅਤੇ ਲੋਕਾਂ ਨੂੰ ਪਾਣੀ ਸ਼ੁੱਧ ਕਰਕੇ ਪੀਣਾ ਪੈ ਰਿਹਾ ਹੈ ਜਿਸ ਨਾਲ ਕਿ ਕਾਫੀ ਮਾਤਰਾ ਵਿੱਚ ਪਾਣੀ ਅਜਾਈ ਜਾ ਰਿਹਾ ਹੈ ਅਤੇ ਪਾਣੀ ਵਿੱਚਲੇ ਮਨੁੱਖੀ ਸਰੀਰ ਲਈ ਲੋੜੀਂਦੇ ਤੱਤ ਵੀ ਸ਼ੁੱਧੀ ਕਰਨ ਸਮੇਂ ਬਾਹਰ ਨਿਕਲ ਜਾਂਦੇ ਹਨ। ਇਸ ਮੌਕੇ ਪਰਮਿੰਦਰ ਸਿੰਘ ਗਿੱਲ, ਨਵਜੀਤ ਸਿੰਘ ਸੰਧੂ, ਸ਼ਿਖਾ ਸ਼ਰਮਾ ਸੀ ਐਚ ਓ, ਬਬਨੀਤ ਸੀ ਐਚ ਓ, ਨੀਲਮ ਜੋਤੀ ਏ ਐਨ ਐਮ, ਬਲਜੀਤ ਕੌਰ ਏ ਐਨ ਐਮ ਆਦਿ ਹਾਜਰ ਸਨ।





## ਮੁੱਕ ਨਾ ਜਾਵੇ ਪਾਣੀ

ਬਚਪਨ ਪੈਰ ਖਲ੍ਹੋਣਾ ਸਿੱਖਿਆ, ਜੋ ਕਰਦਾ ਨਿੱਤ ਸ਼ੈਤਾਨੀ,
ਹਰ ਕੋਈ ਚੀਜ਼ ਨੂੰ ਮੂੰਹ ਵਿੱਚ ਪਾਵੇ ,ਕਰ ਨਾ ਲਵੇ ਨਦਾਨੀ,

ਬੰਦ ਨਲਕਿਆਂ ਵਿੱਚੋਂ ਤਾਂ ਹੀ ,ਲੱਭਦਾ ਫਿਰਦਾ ਪਾਣੀ,
ਪਤਾ ਨਹੀਂ ਹੈ ਇਸ ਨਲਕੇ ਦੀ,ਇਸ ਨੂੰ ਅਸਲ ਕਹਾਣੀ,

ਦਾਦੇ ਤੇ ਪੜਦਾਦੇ ਜਿਸ ਦੇ ,ਕੱਢਗੇ ਗੋਡੇ ਮਾਰ ਕੇ ਪਾਣੀ,
ਮਾਰੂ ਜੰਗ ਲੱਗਣੀ ਵੇਖੀਂ,ਜੇ ਨਾ ਵਰਤੀ ਅਕਲ ਸਿਆਣੀ

ਅੰਮ੍ਰਿਤ ਵੇਲੇ ਚਿੜੀ ਚਹਿਕਦੀ, ਗਾਉਂਦੀ ਸੀ ਗੁਰਬਾਣੀ,
ਪਵਨ ਗੁਰੂ ,ਪਾਣੀ ਪਿਤਾ ਸੀ, ਤੇ ਮਾਂ ਧਰਤੀ ਪਟਰਾਣੀ,

ਬੰਦਾ ਬੇਈਮਾਨ ਹੋ ਗਿਆ,ਗੁੰਮ ਗਿਆ ਘੜੇ ਦਾ ਪਾਣੀ,
ਦੁੱਧ ਮੱਖਣ ਵੀ ਜ਼ਹਿਰ ਘੁਲ਼ੀਆਂ, ਫ਼ਸਲ ਵੀ ਬੰਦੇ ਖਾਣੀ,

ਕੁਦਰਤ ਨੇ ਮੁੱਖ ਮੋੜ ਲਿਆ ਜੇ, ਯਾਦ ਆ ਜਾਣੀਂ ਨਾਨੀ,
ਪ੍ਰਿੰਸ ਨਿਮਾਣਿਆ ਧਰਤੀ ਉੱਤੋਂ ਕਿਤੇ ਮੁੱਕ ਨਾ ਜਾਵੇ ਪਾਣੀ,

ਰਣਬੀਰ ਸਿੰਘ ਪ੍ਰਿੰਸ
# 37/1 ਬਲਾਕ ਡੀ-1
ਆਫ਼ਿਸਰ ਕਾਲੋਨੀ ਸੰਗਰੂਰ
148001




# ਸਬ ਡਿਵੀਜ਼ਨਲ ਕਮੇਟੀ ਵੱਲੋਂ ਜ਼ਿਲ੍ਹੇ ਵਿੱਚ ਬਾਲ ਭਿਖਿਆ ਸਬੰਧੀ ਕੀਤੀ ਗਈ ਚੈਕਿੰਗ

## ਜਿਲੇ ਦੀਆਂ ਵੱਖ ਵੱਖ ਥਾਵਾਂ ਤੇ ਬਾਲ ਭਿੱਖਿਆ ਸਬੰਧੀ ਰੇਡ



ਸਹੀਦ ਭਗਤ ਸਿੰਘ ਨਗਰ (ਰਮੇਸ ਸਰਮਾ/ਮਨਪ੍ਰੀਤ ਵਾਸੂ) ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ (ਆਈ.ਏ.ਐਸ) ਅਤੇ ਡਾਇਰੈਕਟਰ ਸਮਾਜਿਕ ਸੁਰੱਖਿਆ ਤੇ ਇਸਤਰੀ ਅਤੇ ਬਾਲ ਵਿਕਾਸ ਵਿਭਾਗ ਪੰਜਾਬ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹੇ ਵਿੱਚ ਸਬ ਡਿਵੀਜ਼ਨਲ ਕਮੇਟੀ ਵੱਲੋਂ ਬਾਲ ਭਿਖਿਆ ਸਬੰਧੀ ਚੈਕਿੰਗ ਕੀਤੀ ਗਈ। ਇਹ ਚੈਕਿੰਗ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਕੰਚਨ ਅਰੋੜਾ ਦੀ ਅਗਵਾਈ ਹੇਠ ਕੀਤੀ ਗਈ।ਇਹ ਚੈਕਿੰਗ ਅਭਿਆਨ ਨਵਾਂਸ਼ਹਿਰ ਬਲਾਕ ਦੇ ਮੇਨ ਰੋਡ ਬੱਸ ਸਟੈਂਡ ਬੰਗਾ ਰੋਡ, ਕੋਠੀ ਰੋੜ, ਮੇਨ ਬਾਜ਼ਾਰ ਵਿੱਚਚਲਾਇਆਗਿਆ ਅਤੇ ਟੀਮ ਵੱਲੋਂ ਬਾਲ ਭਿਖਿਆ ਸਬੰਧੀ ਇੱਕ ਦਿਨ ਪਹਿਲਾਂ ਕੀਤੀ ਗਈ ਚੈਕਿੰਗ ਸਦਕੇ ਬਾਲ ਭਿੱਖਿਆ ਵਿੱਚ ਲੱਗਿਆ ਇੱਕ ਵੀ ਬੱਚਾ ਨਜ਼ਰ ਨਹੀਂ ਆਇਆ। ਜਿਲਾ ਬਾਲ ਸੁਰੱਖਿਆ ਅਫਸਰ ਵੱਲੋਂ ਦੱਸਿਆ ਗਿਆ ਕਿ ਡਾਇਰੈਕਟਰ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਦੇ ਹੁਕਮਾ ਅਨੁਸਾਰ ਬਾਲ ਭਿਖਿਆ ਸਬੰਧੀ ਚੈਕਿੰਗ ਪੂਰੇ ਪੰਜਾਬ ਵਿੱਚ ਕੀਤੀ ਜਾ ਰਹੀ ਹੈ ਤਾਂ ਜੋ ਦੂਜੇ ਰਾਜਾਂ ਤੋਂ ਆਏ ਹੋਏ ਪਰਵਾਸੀਆਂ ਨੂੰ ਪੰਜਾਬ ਵਿੱਚ ਭਿੱਖਿਆ ਕਰਨ ਤੋਂ ਰੋਕਿਆ ਜਾ ਸਕੇ ਅਤੇ ਭਿਖਿਆ ਵਿੱਚ ਲੱਗੇ ਹੋਏ ਬੱਚਿਆਂ ਨੂੰ ਸਿੱਖਿਆ ਨਾਲ ਜੋੜ ਕੇ ਉਹਨਾਂ ਦੇ ਭਵਿੱਖ ਨੂੰ ਉਜਵਲ ਬਣਾਇਆ ਜਾ ਸਕੇ।ਜਿਲਾ ਬਾਲ ਸੁਰੱਖਿਆ ਅਫਸਰ ਵੱਲੋਂ ਆਮ ਜਨਤਾ ਨੂੰ ਅਪੀਲ ਕੀਤੀ ਗਈ ਕਿ 18 ਸਾਲ ਤੋਂ ਛੋਟੇ ਉਮਰ ਦੇ ਬੱਚਿਆਂ ਤੋਂ ਭੀਖ ਨਾ ਮੰਗਵਾਈ ਜਾਏ ਅਤੇ ਜੇਕਰ ਕੋਈ ਵੀ 18 ਸਾਲ ਤੋਂ ਘੱਟ ਉਮਰ ਦਾ ਬੱਚਾ ਭੀਖ ਮੰਗਦਾ ਹੋਇਆ ਨਜ਼ਰ ਆਉਂਦਾ ਹੈ ਤਾਂ ਉਸਦੀ ਜਾਣਕਾਰੀ ਜਿਲਾ ਬਾਲ ਸੁਰੱਖਿਆ ਯੂਨਿਟ ਜਾਂ ਚਾਇਲਡ ਹੈਲਪਲਾਈਨ ਨੰਬਰ 1098 ਤੇ ਦਿੱਤੀ ਜਾਵੇ। ਮੌਕੇ ਤੇ ਹਾਜ਼ਰ ਰਜਿੰਦਰ ਕੌਰ ਬਾਲ ਰੱਖਿਆ ਅਫਸਰ ਵੱਲੋਂ ਦੱਸਿਆ ਗਿਆ ਕੀ ਜੀਰੋ ਤੋਂ 18 ਸਾਲ ਤੱਕ ਦੇ ਬੱਚਿਆਂ ਤੋਂ ਭੀਖ ਮੰਗਵਾਉਣ ਵਾਲੇ ਵਿਅਕਤੀ ਖਿਲਾਫ ਜੁਵੇਨਾਈਲ ਜਸਟਿਸ ਐਕਟ ਅਧੀਨ ਦੋ ਸਾਲ ਤੱਕ ਦੀ ਸਜ਼ਾ ਅਤੇ 1 ਲੱਖ ਰੁਪਏ ਜੁਰਮਾਨਾ ਹੋ ਸਕਦਾ ਹੈ। ਚੈਕਿੰਗ ਟੀਮ ਵਿੱਚ ਜਿਲਾ ਬਾਲ ਸੁਰੱਖਿਆ ਯੂਨਿਟ ਤੋਂ ਰਜਿੰਦਰ ਕੌਰ ਬਾਲ ਸੁਰੱਖਿਆ ਅਫਸਰ, ਸੰਤੋਸ਼ ਡਾਟਾ ਐਂਟਰੀ ਆਪਰੇਟਰ, ਸਿੱਖਿਆ ਵਿਭਾਗ ਤੋਂ ਟੀਚਰ ਬਲਕਾਰ ਚੰਦ ਰੁਪਿੰਦਰ ਸਿੰਘ ਸਿਹਤ ਵਿਭਾਗ, ਸੀਡੀਪੀਓ ਦਫਤਰ ਤੋਂ ਸੁਪਰਵਾਈਜ਼ਰ ਹਰਮੇਸ਼ ਰਾਣੀ , ਪੁਲਿਸ ਵਿਭਾਗ ਤੋਂ ਰੇਨੂ, ਗੁਰਬਖਸ਼ ਕੌਰ ਅਤੇ ਸੰਦੀਪ ਦੇ ਨਾਲ ਨਾਲ ਬੀਡੀਪੀਓ ਆਫਿਸ ਤੋਂ ਜੁਝਾਰ ਸਿੰਘ ਹਾਜ਼ਰ ਸਨ।

# ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੇ ਕੰਮ ਵਿਰੋਧੀਆਂ ਦੇ ਹਜਮ ਨਹੀਂ ਆ ਰਹੇ: ਟਿੱਬਾ



ਸ਼ੇਰਪੁਰ (ਸੱਤਪਾਲ ਸਿੰਘ ਕਾਲਾਬੂਲਾ) ਆਮ ਆਦਮੀ ਪਾਰਟੀ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਸੂਬੇ ਦੇ ਹੱਕਾਂ ਅਤੇ ਹਿੱਤਾਂ ਲਈ ਕੀਤੇ ਜਾ ਰਹੇ ਇਤਿਹਾਸ ਕੰਮ ਹੁਣ ਵਿਰੋਧੀਆਂ ਦੇ ਹਜਮ ਨਹੀਂ ਆ ਰਹੇ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਸੋਸ਼ਲ ਮੀਡੀਆ ਦੇ ਕੋਆਰਡੀਨੇਟਰ ਹਰਪ੍ਰੀਤ ਸਿੰਘ ਟਿੱਬਾ ਨੇ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਾਂਝੇ ਕੀਤੇ। ਉਹਨਾਂ ਕਿਹਾ ਹੈ ਕਿ ਢਾਈ ਸਾਲਾਂ ਦੇ ਕਾਰਜ ਕਾਲ ਦੌਰਾਨ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਹੁਣ ਤੱਕ ਸੂਬੇ ਦੇ ਲੋਕਾਂ ਨੂੰ ਸਸਤੀ ਬਿਜਲੀ ਪਾਣੀ ਬੇਰੁਜ਼ਗਾਰਾਂ ਨੂੰ ਨੌਕਰੀਆਂ ਅਤੇ ਖੇਤਾਂ ਨੂੰ ਪਾਣੀ ਦਾ ਪ੍ਰਬੰਧ ਕਰਨ ਵਰਗੇ ਹੋਰ ਅਨੇਕਾਂ ਵੱਡੇ ਉਪਰਾਲੇ ਕਰ ਵਿਖਾਏ ਹਨ। ਟਿੱਬਾ ਨੇ ਅੱਗੇ ਦੱਸਿਆ ਕਿ ਇਸ ਤੋਂ ਪਹਿਲਾਂ ਦੇਸ਼ ਅੰਦਰ ਰਾਜ ਕਰ ਚੁੱਕੀ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਪਾਰਟੀ ਦੀਆਂ ਸਰਕਾਰਾਂ ਨੇ ਸੂਬੇ ਨੂੰ ਕਮਜ਼ੋਰ ਕਰਨ ਤੋਂ ਸਿਵਾਏ ਕੁਝ ਨਹੀਂ ਦਿੱਤਾ, ਸਗੋਂ ਵੱਖ ਵੱਖ ਅਦਾਰਿਆਂ ਵਿੱਚ ਭ੍ਰਿਸ਼ਟਾਚਾਰ ਫੈਲਾ ਕੇ ਆਪਣੀਆਂ ਤਜੋਰੀਆਂ ਹੀ ਭਰੀਆਂ ਹਨ। ਉਹਨਾਂ ਅੱਗੇ ਆਖਿਆ ਹੈ ਕਿ ਜਿੱਥੇ ਸਰਕਾਰ ਵੱਲੋਂ ਲੋਕਾਂ ਦੀਆਂ ਮੁੱਢਲੀਆਂ ਸਹੂਲਤਾਂ ਨੂੰ ਘਰ ਘਰ ਪਹੁੰਚਾਉਣ ਦਾ ਤਹੱਈਆ ਕੀਤਾ ਜਾ ਰਿਹਾ ਹੈ ਉੱਥੇ ਥੋੜੇ ਸਮੇਂ ਵਿੱਚ ਹੀ ਨਸ਼ਿਆਂ ਦਾ ਲੱਕ ਤੋੜਿਆ ਅਤੇ ਸਰਕਾਰੀ ਦਫਤਰਾਂ ਵਿੱਚ ਕੰਮ ਕਾਜ ਦੀ ਰਫਤਾਰ ਵੀ ਤੇਜ਼ ਹੋਈ ਹੈ। ਉਹਨਾਂ ਇਹ ਵੀ ਦੱਸਿਆ ਕਿ ਕਾਂਗਰਸ ਦੇ ਮੰਤਰੀ ਧਰਮਸੋਤ ਵੱਲੋਂ ਗਰੀਬ ਬੱਚਿਆਂ ਨੂੰ ਆਉਂਦਾ ਵਜੀਫਾ ਜਿੱਥੇ ਹੜੱਪ ਕੀਤਾ ਗਿਆ ਸੀ ਉੱਥੇ ਮਾਨ ਸਰਕਾਰ ਨੇ ਹਰ ਬੱਚੇ ਨੂੰ ਸਕਾਲਰਸ਼ਿਪ ਦੇਣ ਦੇਣ ਵਿੱਚ ਵੀ ਪਹਿਲ ਕਦਮੀ ਦਿਖਾਈ ਹੈ। ਉਹਨਾਂ ਕਿਹਾ ਕਿ ਸਰਕਾਰ ਵੱਲੋਂ ਜਿੱਥੇ ਇੱਕ ਇੱਕ ਕਰਕੇ ਲੋਕਾਂ ਨਾਲ ਕੀਤੇ ਵਾਅਦਿਆਂ ਅਨੁਸਾਰ ਸਾਰੀਆਂ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ ਉੱਥੇ ਜਲਦ ਹੀ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਬੀਬੀਆਂ ਨੂੰ ਇੱਕ ਹਜ਼ਾਰ ਰੁਪਏ ਦਾ ਕੀਤਾ ਵਾਅਦਾ ਵੀ ਜਲਦ ਪੂਰਾ ਕਰਨ ਜਾ ਰਹੇ ਹਨ। ਉਹਨਾਂ ਜਲੰਧਰ ਦੀ ਚੋਣ ਬਾਰੇ ਗੱਲ ਕਰਦਿਆਂ ਕਿਹਾ ਹੈ ਕਿ ਆਮ ਆਦਮੀ ਪਾਰਟੀ ਆਪਣੇ ਕੰਮਾਂ ਦੇ ਆਧਾਰ ਤੇ ਇਸ ਵਾਰ ਜਲੰਧਰ ਵੈਸਟ ਦੀ ਚੋਣ ਸ਼ਾਨਦਾਰ ਤਰੀਕੇ ਨਾਲ ਜਿੱਤੇਗੀ।

# ਸਵਰਗੀ ਪਿਤਾ ਦੀ ਯਾਦ 'ਚ ਲਗਾਇਆ ਵਾਟਰ ਕੂਲਰ ਅਤੇ ਫਿਲਟਰ




ਬਰਨਾਲਾ (ਸੁਖਵਿੰਦਰ ਸਿੰਘ ਭੰਡਾਰੀ) ਐਨ ਆਰ ਆਈ ਗਗਨਦੀਪ ਬਾਂਸਲ ਨੇ ਆਪਣੇ ਸਵ:ਪਿਤਾ ਕੁਲਦੀਪ ਕੁਮਾਰ ਬਾਂਸਲ ਦੀ ਯਾਦ ਵਿੱਚ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਬਰਨਾਲਾ ਵਿਖੇ ਵਾਟਰ ਕੂਲਰ ਅਤੇ ਫਿਲਟਰ ਦੀ ਸੇਵਾ ਕਰਵਾਈ ਗਈ। ਇਸ ਵਾਟਰ ਕੂਲਰ ਦੀ ਸੇਵਾ ਨਾਲ ਲਗਭਗ 300 ਲੜਕੀਆਂ ਨੂੰ ਠੰਡਾ ਅਤੇ ਸਾਫ਼ ਸੁਥਰਾ ਪੀਣ ਵਾਲਾ ਪਾਣੀ ਮਿਲੇਗਾ। ਪ੍ਰਿੰਸੀਪਲ ਮੈਡਮ ਵਿਨਸੀ ਜਿੰਦਲ ਨੇ ਗਗਨਦੀਪ ਬਾਂਸਲ ਦਾ ਬਹੁਤ ਧੰਨਵਾਦ ਕੀਤਾ। ਉਹਨਾਂ ਨੇ ਰਚਨਾ ਮੈਡਮ ਅਤੇ ਪੰਕਜ ਗੋਇਲ ਦਾ ਵੀ ਧੰਨਵਾਦ ਕੀਤਾ ਜਿਨ੍ਹਾਂ ਦੀ ਪ੍ਰੇਰਨਾ ਸਦਕਾ ਇਹ ਸਹੂਲਤ ਸਕੂਲ ਨੂੰ ਪ੍ਰਾਪਤ ਹੋਈ।

ਇਸ ਮੌਕੇ ਤੇ ਸੰਦੀਪ ਕੁਮਾਰ ਨੋਨੀ ਜੀ ਵਿਸ਼ੇਸ਼ ਤੌਰ ਤੇ ਆਪਣੇ ਮਿੱਤਰ ਨਾਲ ਸਕੂਲ ਵਿਖੇ ਹਾਜ਼ਰ ਰਹੇ। ਇਸ ਸਮੇਂ ਰੇਖਾ, ਜਸਪ੍ਰੀਤ ਕੌਰ, ਰੁਪਿੰਦਰਜੀਤ ਸਿੰਘ ਅਤੇ ਕੁਝ ਹੋਰ ਪਤਵੰਤੇ ਸੱਜਣ ਵੀ ਹਾਜ਼ਰ ਸਨ।

# ਸਰਕਾਰੀ ਡਿਊਟੀ ਵਿੱਚ ਵਿਘਨ ਪਾਉਣ ਅਤੇ ਸਰਕਾਰੀ ਮੁਲਾਜ਼ਮਾਂ ਦੀ ਕੁੱਟਮਾਰ ਕਰਨ ਦੇ ਕੇਸ ਵਿੱਚੋਂ ਮੁਲਜ਼ਮ ਬਾਇੱਜ਼ਤ ਬਰੀ




ਬਰਨਾਲਾ (ਸੁਖਵਿੰਦਰ ਸਿੰਘ ਭੰਡਾਰੀ) ਮਾਨਯੋਗ ਅਦਾਲਤ ਅਜੇ ਮਿੱਤਲ, ਜੁਡੀਸ਼ੀਅਲ ਮੈਜਿਸਟਰੇਟ ਫਸਟ ਕਲਾਸ ਸਾਹਿਬ, ਬਰਨਾਲਾ ਵੱਲੋਂ ਐਡਵੋਕੇਟ ਧੀਰਜ ਕੁਮਾਰ ਦੀਆਂ ਦਲੀਲਾਂ ਨਾਲ ਸਹਿਮਤ ਹੁੰਦਿਆਂ ਹੋਏ ਰੂਪ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਰੂੜੇਕੇ ਕਲਾਂ ਨੂੰ ਜੇਰ ਧਾਰਾ 353/323/186/506 ਆਈ.ਪੀ.ਸੀ. ਦੇ ਕੇਸ ਵਿਚੋਂ ਬਾਇਜ਼ਤ ਬਰੀ ਕਰਨ ਦਾ ਹੁਕਮ ਸੁਣਾਇਆ ਗਿਆ ਹੈ। ਜ਼ਿਕਰਯੋਗ ਹੈ ਕਿ ਪ੍ਰੇਮ ਸਿੰਘ ਪੁੱਤਰ ਪੂਰਨ ਸਿੰਘ ਵਾਸੀ ਰੂੜੇਕੇ ਕਲਾਂ ਜੋ ਕਿ ਚੌਂਕੀਦਾਰ ਸੀ ਅਤੇ ਚੌਂਕੀਦਾਰ ਯੂਨੀਅਨ ਦਾ ਪ੍ਰਧਾਨ ਸੀ, ਵੱਲੋਂ ਬਿਆਨ ਦਰਜ਼ ਕਰਵਾਇਆ ਗਿਆ ਕਿ ਪ੍ਰੇਮ ਸਿੰਘ ਅਤੇ ਇਕਬਾਲ ਸਿੰਘ ਕਾਨੂੰਗੋ ਰੂੜੇਕੇ ਕਲਾਂ ਵਿਖੇ ਸਰਕਾਰੀ ਡਿਊਟੀ ਕਰ ਰਹੇ ਹਨ ਅਤੇ ਰੂਪ ਸਿੰਘ ਵੱਲੋਂ ਮਿਤੀ 29-06-2023 ਨੂੰ ਵਕਤ ਕਰੀਬ 1:30 ਵਜੇ ਦੁਪਹਿਰ ਇਹਨਾਂ ਪਾਸ ਦਫਤਰ ਵਿੱਚ ਆ ਕੇ ਉਹਨਾਂ ਵੱਲੋਂ ਕੀਤੀ ਜਾ ਰਹੀ ਸਰਕਾਰੀ ਡਿਊਟੀ ਵਿੱਚ ਵਿਘਨ ਪਾਇਆ ਗਿਆ ਅਤੇ ਉਹਨਾਂ ਦੇ ਦੀ ਕੁੱਟਮਾਰ ਕਰਕੇ ਧਮਕੀਆਂ ਦਿੱਤੀਆਂ ਗਈਆਂ ਜਿਸ ਸਬੰਧੀ ਰੂਪ ਸਿੰਘ ਦੇ ਖਿਲਾਫ ਇੱਕ ਐਫ.ਆਈ.ਆਰ. ਨੰਬਰ 40 ਮਿਤੀ 01-07-2023, ਜੇਰ ਧਾਰਾ 353/323/186/506 ਆਈ.ਪੀ.ਸੀ. ਤਹਿਤ ਥਾਣਾ ਰੂੜੇਕੇ ਕਲਾਂ ਵਿਖੇ ਦਰਜ਼ ਹੋਈ। ਜੋ ਅੱਜ ਮਾਨਯੋਗ ਅਦਾਲਤ ਵੱਲੋਂ ਮੁਲਜ਼ਮ ਧਿਰ ਦੇ ਵਕੀਲ ਧੀਰਜ ਕੁਮਾਰ ਐਡਵੋਕੇਟ ਦੀਆਂ ਦਲੀਲਾਂ ਨਾਲ ਸਹਿਮਤ ਹੁੰਦਿਆਂ ਹੋਏ ਕਿ ਗਵਾਹਨ ਦੇ ਬਿਆਨ ਆਪਸ ਵਿੱਚ ਮੇਲ ਨਹੀਂ ਖਾਂਦੇ, ਐਫ.ਆਈ.ਆਰ. ਦੋ ਦਿਨ ਬਾਦ ਦਰਜ਼ ਹੋਈ ਅਤੇ ਕਿਸੇ ਵੀ ਮੁਲਾਜ਼ਮ ਦਾ ਕੋਈ ਮੈਡੀਕਲ ਨਹੀਂ ਹੋਇਆ, ਮੁਲਜ਼ਮ ਰੂਪ ਸਿੰਘ ਨੂੰ ਬਾਇੱਜ਼ਤ ਬਰੀ ਕਰਨ ਦਾ ਹੁਕਮ ਸੁਣਾਇਆ ਗਿਆ।

# ਪੰਜਾਬ ਰਾਜ ਖੁਰਾਕ ਕਮਿਸ਼ਨ ਦੇ ਮੈਂਬਰ ਵਿਜੇ ਦੱਤ ਨੇ ਬਲਾਚੌਰ ਅਤੇ ਖਟਕੜ ਕਲਾਂ ਦੇ ਵੱਖ-ਵੱਖ ਸਰਕਾਰੀ ਰਾਸ਼ਨ ਡਿਪੂਆਂ, ਸਰਕਾਰੀ ਸਕੂਲਾਂ ਅਤੇ ਆਂਗਣਵਾੜੀ ਕੇਂਦਰਾਂ ਦਾ ਕੀਤਾ ਅਚਨਚੇਤ ਦੌਰਾ

## ਸਕੂਲਾਂ ਵਿੱਚ ਸਾਫ਼ ਸੁਥਰਾ ਖਾਣਾ ਬਣਾਉਣ ਅਤੇ ਪਰੋਸਣ ਦੀਆਂ ਦਿੱਤੀਆਂ ਹਦਾਇਤਾਂ

ਸਹੀਦ ਭਗਤ ਸਿੰਘ ਨਗਰ (ਰਮੇਸ ਸਰਮਾ/ ਮਨਪ੍ਰੀਤ ਵਾਸੂ) ਪੰਜਾਬ ਰਾਜ ਖੁਰਾਕ ਕਮਿਸ਼ਨ ਦੇ ਮੈਂਬਰ ਵਿਜੇ ਦੱਤ ਨੇ ਅੱਜ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਬਲਾਚੌਰ ਅਤੇ ਖਟਕੜ ਕਲਾਂ ਦੇ ਵੱਖ-ਵੱਖ ਸਰਕਾਰੀ ਰਾਸ਼ਨ ਡਿਪੂਆਂ, ਸਰਕਾਰੀ ਸਕੂਲਾਂ ਅਤੇ ਆਂਗਣਵਾੜੀ ਕੇਂਦਰਾਂ ਦਾ ਅਚਨਚੇਤ ਦੌਰਾ ਕਰਕੇ ਲਾਭਕਾਰੀ ਸਕੀਮਾਂ ਦਾ ਨਿਰੀਖਣ ਕੀਤਾ। ਕਮਿਸ਼ਨ ਮੈਂਬਰ ਵਿਜੇ ਦੱਤ ਨੇ ਬਲਾਚੌਰ ਦੇ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਅਤੇ ਆਂਗਣਵਾੜੀ ਸੈਂਟਰ ਨੰਬਰ 5 ਅਤੇ ਖਟਕੜ ਕਲਾਂ ਦੇ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ, ਸ਼ਹੀਦ ਭਗਤ ਸਿੰਘ ਨਗਰ, ਸਰਕਾਰੀ ਹਾਈ ਸਕੂਲ, ਆਂਗਣਵਾੜੀ ਸੈਂਟਰ ਨੰ: 1 ਅਤੇ ਸਰਕਾਰੀ ਰਾਸ਼ਨ ਡਿਪੂ ਦੀ ਚੈਕਿੰਗ ਕੀਤੀ।ਕਮਿਸ਼ਨ ਦੇ ਮੈਂਬਰ ਵਿਜੇ ਦੱਤ ਨੇ ਸਕੂਲਾਂ ਵਿੱਚ ਮਿਡ-ਡੇ-ਮੀਲ ਫੂਡ ਸਵਾਦ ਰਜਿਸਟਰ ਨੂੰ ਕਾਇਮ ਰੱਖਣ, ਬੱਚਿਆਂ ਨੂੰ ਸਾਫ਼-ਸੁਥਰਾ ਭੋਜਨ ਮੁਹੱਈਆ ਕਰਵਾਉਣ ਅਤੇ ਖਾਣਾ ਬਣਾਉਣ ਅਤੇ ਪਰੋਸਣ ਸਮੇਂ ਸਾਫ਼-ਸਫ਼ਾਈ ਦਾ ਧਿਆਨ ਰੱਖਣ ਦੀਆਂ ਹਦਾਇਤਾਂ ਦਿੱਤੀਆਂ। ਕਮਿਸ਼ਨ ਦੇ ਮੈਂਬਰ ਨੇ ਸਕੂਲੀ ਵਿਦਿਆਰਥੀਆਂ ਨਾਲ ਮਿਡ-ਡੇ-ਮੀਲ ਬਾਰੇ ਗੱਲਬਾਤ ਕੀਤੀ ਅਤੇ ਬੱਚਿਆਂ ਨਾਲ ਮਿਡ-ਡੇ-ਮੀਲ ਖੁਦ ਵੀ ਖਾਣਾ ਖਾਧਾ। ਕਮਿਸ਼ਨ ਮੈਂਬਰ ਵੱਲੋਂ ਸਕੂਲਾਂ ਵਿੱਚ ਪੀਣ ਵਾਲੇ ਪਾਣੀ ਦਾ ਟੀ.ਡੀ.ਐਸ ਵੀ ਚੈੱਕ ਕੀਤਾ ਗਿਆ। ਮੈਂਬਰ ਵੱਲੋਂ ਹਦਾਇਤ ਕੀਤੀ ਗਈ ਕਿ ਸਕੂਲ ਵਿੱਚ ਟੀ.ਡੀ.ਐਸ ਅਤੇ ਪੀਣ ਵਾਲੇ ਪਾਣੀ ਦੀ ਗੁਣਵੱਤਾ ਦੀ ਸਮੇਂ-ਸਮੇਂ 'ਤੇ ਸਬੰਧਤ ਵਿਭਾਗ ਵੱਲੋਂ ਜਾਂਚ ਕੀਤੀ ਜਾਵੇ। ਇਸ ਤੋਂ ਇਲਾਵਾ ਕਮਿਸ਼ਨ ਨੇ ਸਕੂਲੀ ਵਿਦਿਆਰਥੀਆਂ ਦੀ ਸਿਹਤ ਜਾਂਚ ਕਰਵਾਉਣ ਦੇ ਨਿਰਦੇਸ਼ ਦਿੱਤੇ ਅਤੇ ਮਿਡ ਡੇ ਮੀਲ ਵਰਕਰਾਂ ਦਾ ਮੈਡੀਕਲ ਚੈਕਅੱਪ ਕਰਨ ਦੇ ਵੀ ਨਿਰਦੇਸ਼ ਦਿੱਤੇ। ਕਮਿਸ਼ਨ ਦੇ ਮੈਂਬਰ ਵਿਜੇ ਦੱਤ ਨੇ ਆਂਗਣਵਾੜੀ ਕੇਂਦਰਾਂ ਦੀ ਚੈਕਿੰਗ ਕਰਦਿਆਂ ਇੰਚਾਰਜਾਂ ਅਤੇ ਹੈਲਪਰਾਂ ਨੂੰ ਹਦਾਇਤ ਕੀਤੀ ਕਿ ਉਹ ਵੱਧ ਤੋਂ ਵੱਧ ਲਾਭਪਾਤਰੀਆਂ ਨੂੰ ਸਰਕਾਰ ਦੀਆਂ ਨਵੀਨਤਮ ਸਕੀਮਾਂ ਬਾਰੇ ਜਾਣਕਾਰੀ ਦੇਣ। ਦੌਰੇ ਦੌਰਾਨ ਕਮਿਸ਼ਨ ਮੈਂਬਰ ਨੇ ਜ਼ਿਲ੍ਹੇ ਦੇ ਸਾਰੇ ਸਰਕਾਰੀ ਸਕੂਲਾਂ, ਸਰਕਾਰੀ ਰਾਸ਼ਨ ਡਿਪੂਆਂ ਅਤੇ ਆਂਗਣਵਾੜੀ ਕੇਂਦਰਾਂ ਵਿੱਚ ਪੰਜਾਬ ਰਾਜ ਖੁਰਾਕ ਕਮਿਸ਼ਨ ਦਾ ਹੈਲਪਲਾਈਨ ਨੰਬਰ ਲਗਾਉਣ ਦੀਆਂ ਹਦਾਇਤਾਂ ਦਿੱਤੀਆਂ। ਉਨ੍ਹਾਂ ਦੱਸਿਆ ਕਿ ਜੇਕਰ ਕਿਸੇ ਵੀ ਲਾਭਪਾਤਰੀ ਨੂੰ ਰਾਸ਼ਟਰੀ ਖੁਰਾਕ ਸੁਰੱਖਿਆ ਐਕਟ ਦੀਆਂ ਸਕੀਮਾਂ ਸਬੰਧੀ ਕੋਈ ਸ਼ਿਕਾਇਤ ਹੈ ਤਾਂ ਉਹ ਕਮਿਸ਼ਨ ਦੇ ਹੈਲਪ ਲਾਈਨ ਨੰਬਰ 9876764545 ਤੇ ਆਪਣੀ ਸ਼ਿਕਾਇਤ ਦਰਜ ਕਰਵਾ ਸਕਦਾ ਹੈ।ਵਿਜੇ ਦੱਤ ਨੇ ਸਾਰੇ ਰਾਸ਼ਨ ਡਿਪੂਆਂ ਵਿੱਚ ਬਾਇਓਮੀਟ੍ਰਿਕ ਮਸ਼ੀਨਾਂ ਆਉਣ ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਪਰ ਫਿਰ ਵੀ ਡਿਪੂ ਹੋਲਡਰਾਂ ਵੱਲੋਂ ਲਾਭਪਾਤਰੀਆਂ ਨੂੰ ਕਈ ਦਿਨ ਪਹਿਲਾਂ ਪਰਚੀ ਕੱਟਣ ਲਈ ਬੁਲਾਉਣ ਅਤੇ ਬਾਅਦ ਵਿੱਚ ਦੁਬਾਰਾ ਕਣਕ ਦੀ ਚੁਕਾਈ ਲਈ ਬੁਲਾਉਣ ਤੇ ਇਤਰਾਜ਼ ਪ੍ਰਗਟਾਇਆ। ਵਿਜੇ ਦੱਤ ਨੇ ਕਿਹਾ ਕਿ ਇੱਕ ਗਰੀਬ ਵਿਅਕਤੀ ਦਿਹਾੜੀਦਾਰ ਮਜ਼ਦੂਰ ਦਾ ਕੰਮ ਕਰਦਾ ਹੈ, ਉਸ ਨੂੰ ਵਾਰ-ਵਾਰ ਫੋਨ ਕਰਨਾ ਠੀਕ ਨਹੀਂ, ਇਸ ਲਈ ਲਾਭਪਾਤਰੀ ਨੂੰ ਇੱਕ ਵਾਰ ਹੀ ਬੁਲਾਇਆ ਜਾਵੇ, ਉਸ ਦੀ ਪਰਚੀ ਕੱਟ ਕੇ ਤੁਰੰਤ ਕਣਕ ਦਿੱਤੀ ਜਾਵੇ। ਇਸ ਤੋਂ ਇਲਾਵਾ ਉਨ੍ਹਾਂ ਹਦਾਇਤਾਂ ਜਾਰੀ ਕੀਤੀਆਂ ਕਿ ਜਿਨ੍ਹਾਂ ਬਜ਼ੁਰਗਾਂ ਦੇ ਅੰਗੂਠੇ




ਬਾਇਓਮੀਟ੍ਰਿਕ ਮਸ਼ੀਨ ਵਿੱਚ ਕੰਮ ਨਹੀਂ ਕਰਦੇ ਅਤੇ ਉਨ੍ਹਾਂ ਦਾ ਲਾਭ ਲੈਣ ਦੇ ਯੋਗ ਨਹੀਂ ਸਨ, ਉਹ ਹੁਣ ਬਾਇਓਮੀਟ੍ਰਿਕ ਮਸ਼ੀਨ ਨਾਲ ਆਉਣ ਵਾਲੇ ਆਈ ਸਕੈਨਰ ਰਾਹੀਂ ਲਾਭ ਲੈ ਸਕਦੇ ਹਨ।

ਅਦਾਰਾ ਰੋਜ਼ਾਨਾ ਲੋਕ ਬਾਣੀ ਅਖਬਾਰ ਵਿੱਚ ਛਾਪੀਆਂ ਜਾਂਦੀਆ ਖਬਰਾਂ , ਰਿਪੋਰਟਾਂ , ਲੇਕ, ਕਹਾਣੀਆਂ, ਕਵਿਤਾਵਾ ਅਤੇ ਹਰ ਕਿਸਮ ਦੇ ਇਸ਼ਤਿਹਾਰ ਵਿੱਚ ਦਿੱਤੀ ਗਈ । ਸੂਚਨਾਂ, ਵਿਚਾਰ ਆਦਿ ਨਾਲ ਅਖਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਜ਼ਰੂਰੀ ਨਹੀਂ ਹੈ । ਇਸ ਅਖਬਾਰ ਵਿੱਚ ਛੱਪੇ ਇਸ਼ਤਿਹਾਰ ( ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜੰਮੇਵਾਰੀ ਨਹੀ ਲੈਦੇ ਕਿਉਂਕਿ ਅਖਬਾਰ ਇੰਨਾ ਨੂੰ ਤਸਦੀਕ ਨਹੀਂ ਕਰਦਾ ਪਾਠਕਾਂ/ਸ਼ੁਭ ਚਿੰਤਕਾ ਨੂੰ ਬੇਨਤੀ ਹੈ । ਕਿ ਉਹ ਇੰਨਾ ਇਸ਼ਤਿਹਾਰਾਂ ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇੰਨਾਂ ਤੱਥਾਂ ਦੀ ਪੜਤਾਲ , ਪੁਸ਼ਟੀਕਰ ਲੈਣ।ਰੋਜ਼ਾਨਾਲੋਕ ਬਾਣੀ ਚ ਪ੍ਰਕਾਸ਼ਿਤ ਸੱਮਗਰੀ ਅਤੇ ਹੋਰ ਵਾਦ-ਵਿਵਾਦ ਸਬੰਧੀ ਕੇਸਾ ਦਾ ਨਿਪਟਾਰਾ ਸਿਰਫ ਜਲੰਧਰ ਕੋਰਟ ਵਿੱਚ ਹੀ ਹੋਵੇਗਾ, ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀ । ਖਬਰਾਂ ਪ੍ਰਤੀ ਜ਼ਿੰਮੇਵਾਰੀ ਪੱਤਰਕਾਰ ਦੀ ਹੋਵੇਗੀ ।

Daily Lok Bani(Punjabi) R.N.I. Punpun/29016/2008 Editor, owner, Printer , Publisher, Amandeep Mehra , Printed at Rachna Printers , Railway Road Jalandhar Place of Publication :308 Sangam Complex milap Chowk , Jalandhar (India), Contact No.: 0181-2211009, Fax : 2211009, Email id : lokbani08@gmail.com, Editormehra@gmail.com

# ਆਈਵੀਵਾਈ ਹਸਪਤਾਲ, ਅੰਮ੍ਰਿਤਸਰ ਨੇ 3000 ਕਾਰਡੀਆਕ ਸਰਜਰੀਆਂ ਨੂੰ ਸਫਲਤਾਪੂਰਵਕ ਪੂਰਾ ਕੀਤਾ: ਡਾ. ਪੰਕਜ ਗੋਇਲ

ਅੰਮ੍ਰਿਤਸਰ: (ਲੋਕ ਬਾਣੀ) ਕੋਰੋਨਰੀ ਅਤੇ ਜਮਾਂਦਰੂ ਦਿਲ ਦੀਆਂ ਬਿਮਾਰੀਆਂ ਅਤੇ ਦਿਲ ਦੀ ਸਰਜਰੀ ਵਿੱਚ ਹਾਲ ਹੀ ਵਿੱਚ ਹੋਈਆਂ ਤਰੱਕੀਆਂ ਬਾਰੇ ਜਾਗਰੂਕਤਾ ਪੈਦਾ ਕਰਨ ਲਈ, ਆਈ.ਵੀ.ਵਾਈ ਹਸਪਤਾਲ, ਅੰਮ੍ਰਿਤਸਰ ਦੇ ਡਾਕਟਰਾਂ ਦੀ ਟੀਮ, ਸੀਟੀਵੀਐਸ ਦੇ ਸੀਨੀਅਰ ਡਾਇਰੈਕਟਰ ਡਾ ਪੰਕਜ ਗੋਇਲ ਅਤੇ ਸੀਨੀਅਰ ਕੰਸਲਟੈਂਟ ਕਾਰਡਿਅਕ ਅਨੱਸਥੀਸੀਆ ਡਾ ਗੁਰਪ੍ਰੀਤ ਸਿੰਘ ਗਿੱਲ ਨੇ ਵੀਰਵਾਰ ਨੂੰ ਇੱਥੇ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਿਤ ਕੀਤਾ।
ਡਾ ਪੰਕਜ ਗੋਇਲ ਨੇ ਕਿਹਾ, ਭਾਰਤ ਵਿੱਚ ਲਗਭਗ 30 ਮਿਲੀਅਨ ਲੋਕ ਕੋਰੋਨਰੀ ਆਰਟਰੀ ਬਿਮਾਰੀ ਤੋਂ ਪੀੜਤ ਹਨ, ਜਿਨ੍ਹਾਂ ਵਿੱਚੋਂ 27% ਮੌਤਾਂ ਦਿਲ ਦੀਆਂ ਬਿਮਾਰੀਆਂ ਕਾਰਨ ਹੁੰਦੀਆਂ ਹਨ। ਭਾਰਤ ਜਲਦੀ ਹੀ ਦੁਨੀਆ ਵਿੱਚ ਦਿਲ ਦੀਆਂ ਬਿਮਾਰੀਆਂ ਦੇ ਸਭ ਤੋਂ ਵੱਧ ਮਾਮਲੇ ਸਾਹਮਣੇ ਆਉਣ ਵਾਲਾ ਹੈ। ਨੌਜਵਾਨ ਆਪਣੀ ਮਾੜੀ ਜੀਵਨ ਸ਼ੈਲੀ ਕਾਰਨ ਕੋਰੋਨਰੀ ਆਰਟਰੀ ਬਿਮਾਰੀ ਤੋਂ ਪੀੜਤ ਹਨ। 10 ਸਾਲ ਪਹਿਲਾਂ, ਅਸੀਂ ਦਿਲ ਦੀਆਂ ਸਮੱਸਿਆਵਾਂ ਤੋਂ ਪੀੜਤ ਨੌਜਵਾਨ ਮਰੀਜ਼ਾਂ ਨੂੰ ਮੁਸ਼ਕਿਲ ਨਾਲ ਦੇਖਿਆ ਸੀ, ਪਰ ਹੁਣ ਸਾਡੇ ਕੋਲ ਬਹੁਤ ਸਾਰੇ ਕੇਸ ਹਨ ਜਿੱਥੇ 25-35 ਉਮਰ ਵਰਗ ਦੇ ਲੋਕਾਂ ਨੂੰ ਦਿਲ ਦੀ ਬਿਮਾਰੀ ਦਾ ਪਤਾ ਲਗਾਇਆ ਜਾ ਰਿਹਾ ਹੈ।'
ਡਾ ਗੋਇਲ ਨੇ ਇਹ ਵੀ ਦੱਸਿਆ ਕਿ ਆਈ.ਵੀ.ਵਾਈ ਹਸਪਤਾਲ, ਅੰਮ੍ਰਿਤਸਰ ਨੇ 3000 ਸਫਲ ਕਾਰਡੀਆਕ ਸਰਜਰੀਆਂ ਨੂੰ ਸਫਲਤਾਪੂਰਵਕ ਪੂਰਾ ਕੀਤਾ ਹੈ ਜੋ ਕਿ ਅੰਮ੍ਰਿਤਸਰ ਖੇਤਰ ਵਿੱਚ ਸਭ ਤੋਂ ਵੱਧ ਹੈ।
ਉਨ੍ਹਾਂ ਅੱਗੇ ਦੱਸਿਆ ਕਿ ਕੋਰੋਨਰੀ ਆਰਟਰੀ ਬਾਈ-ਪਾਸ ਸਰਜਰੀ, ਏਐਸਡੀ ਲਈ ਬੀਟਿੰਗ ਹਾਰਟ ਸਰਜਰੀ, ਵੀਐਸਡੀ (ਦਿਲ ਵਿੱਚ ਛੇਕ), ਵਾਲਵ ਰੀਪਲੇਸਮੈਂਟ ਸਰਜਰੀ, ਐਓਰਟਿਕ ਸਰਜਰੀ, ਪੀਡੀਆਟ੍ਰਿਕ ਓਪਨ ਅਤੇ ਕਲੋਜ਼ ਹਾਰਟ ਸਰਜਰੀ, ਮਿਨੀਮਲੀ ਇਨਵੈਸਿਵ ਕਾਰਡੀਆਕ ਸਰਜਰੀ, ਫੇਫੜਿਆਂ ਦੀ ਟਿਊਮਰ ਹਟਾਉਣ ਲਈ ਥੌਰੈਸਿਕ ਸਰਜਰੀ ਦੀਆਂ ਸਹੂਲਤਾਂ, ਐਮਪਾਈਮਾ, ਮੈਡੀਅਸਟਾਈਨਲ ਮਾਸ ਅਤੇ ਹਰ ਕਿਸਮ ਦੀ ਵੈਸਕੁਲਰ ਸਰਜਰੀ ਹੁਣ ਆਈ.ਵੀ.ਵਾਈ ਹਸਪਤਾਲ, ਅੰਮ੍ਰਿਤਸਰ ਵਿਖੇ ਉਪਲਬਧ ਹੈ।
ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ, ਹਿਮਾਚਲ, ਜੰਮੂ-ਕਸ਼ਮੀਰ, ਰਾਜਸਥਾਨ ਤੋਂ ਹੀ ਨਹੀਂ ਬਲਕਿ ਕੈਨੇਡਾ, ਆਸਟ੍ਰੇਲੀਆ ਯੂ.ਕੇ ਤੋਂ ਵੀ ਵੱਡੀ ਗਿਣਤੀ ਵਿੱਚ ਐਨ.ਆਰ. ਆਈ ਮਰੀਜ਼ ਅਡਵਾਂਸ ਦਿਲ ਦੀਆਂ ਸਰਜਰੀਆਂ ਲਈ ਆਈ.ਵੀ.ਵਾਈ ਹਸਪਤਾਲ, ਅੰਮ੍ਰਿਤਸਰ ਵਿੱਚ ਆ ਰਹੇ ਹਨ।
ਡਾ ਗੁਰਪ੍ਰੀਤ ਸਿੰਘ ਗਿੱਲ ਨੇ ਕਿਹਾ ਕਿ ਆਈ.ਵੀ.ਵਾਈ ਹਸਪਤਾਲ, ਅੰਮ੍ਰਿਤਸਰ ਸੀ.ਜੀ.ਐਚ.ਐਸ., ਈ.ਸੀ.ਐਚ.ਐਸ., ਸੀ.ਏ.ਪੀ.ਐਫ ਅਤੇ ਸਾਰੇ ਪ੍ਰਮੁੱਖ ਟੀ.ਪੀ.ਏ. ਅਤੇ ਕਾਰਪੋਰੇਟਸ ਦੀ ਸੂਚੀ ਵਿਚ ਸ਼ਾਮਲ ਹੈ।




ਦਿਲ ਦੀ ਬਿਮਾਰੀ ਦੇ ਜੋਖਮ ਨੂੰ ਘਟਾਉਣ ਦੇ ਤਰੀਕੇ:
1 ਸਿਗਰਟ ਨਾ ਪੀਓ
2 ਆਪਣੇ ਜੋਖਮਾਂ ਹਾਈ ਬਲੱਡ ਪ੍ਰੈਸ਼ਰ, ਸ਼ੂਗਰ ਅਤੇ ਕੋਲੈਸਟ੍ਰੋਲ ਨੂੰ ਜਾਣੋ
3. ਇੱਕ ਸਿਹਤਮੰਦ ਵਜ਼ਨ ਬਣਾਈ ਰੱਖੋ
4. ਨਿਯਮਿਤ ਤੌਰ ਤੇ ਕਸਰਤ ਕਰੋ
5. ਘੱਟ ਸੰਤ੍ਰਿਪਤ ਚਰਬੀ, ਜ਼ਿਆਦਾ ਉਪਜ ਅਤੇ ਜ਼ਿਆਦਾ ਫਾਈਬਰ ਖਾਓ
6. ਆਪਣੇ ਲਿਪਿਡ ਦੀ ਜਾਂਚ ਕਰਵਾਓ ਅਤੇ ਟ੍ਰਾਂਸ ਫੈਟ ਤੋਂ ਬਚੋ
7. ਅਲਕੋਹਲ ਤੋਂ ਬਚੋ ਜਾਂ ਸੰਜਮ ਵਿੱਚ ਇਸਦਾ ਸੇਵਨ ਕਰੋ
8. ਇੱਕ ਸਾਲਾਨਾ ਨਿਵਾਰਕ ਸਿਹਤ ਪੈਕੇਜ ਅਪਣਾਓ
9. ਯੋਗਾ ਅਤੇ ਧਿਆਨ ਨਾਲ ਆਪਣੇ ਤਣਾਅ ਨੂੰ ਕੰਟਰੋਲ ਕਰੋ
10. ਆਪਣੇ ਹੋਮੋਸੀਸਟੀਨ ਦੇ ਪੱਧਰ ਨੂੰ ਜਾਣੋ

# ਵਿਸ਼ਵ ਆਬਾਦੀ ਦਿਵਸ ਮੌਕੇ ਪੋਸਟਰ ਮੇਕਿੰਗ ਮੁਕਾਬਲੇ ਕਰਵਾਏ ਗਏ




ਚੰਡੀਗੜ੍ਹ। (ਲੋਕ ਬਾਣੀ) ਮਹਾਰਿਸ਼ੀ ਦਯਾਨੰਦ ਪਬਲਿਕ ਸਕੂਲ ਨੇ ਸਕੂਲ ਕੈਂਪਸ ਐਮ. ਡੀ.ਏ.ਵੀ ਭਵਨ, ਦਰਿਆ, ਚੰਡੀਗੜ੍ਹ ਵਿਖੇ ਵਾਤਾਵਰਨ ਵਿਭਾਗ, ਚੰਡੀਗੜ੍ਹ ਪ੍ਰਸ਼ਾਸਨ ਦੇ ਸਹਿਯੋਗ ਨਾਲ ਵਿਸ਼ਵ ਆਬਾਦੀ ਦਿਵਸ ਤੇ ਪੋਸਟਰ ਮੇਕਿੰਗ ਮੁਕਾਬਲਾ ਕਰਵਾਇਆ। ਇਸ ਦੌਰਾਨ ਵਿਦਿਆਰਥੀਆਂ ਨੇ ਵਿਸ਼ਵ ਆਬਾਦੀ ਦਿਵਸ ਸਬੰਧੀ ਸਾਰਥਕ ਪੋਸਟਰ ਬਣਾਏ।
ਉਨ੍ਹਾਂ ਵਧਦੀ ਆਬਾਦੀ ਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਆਬਾਦੀ ਵਧਣ ਨਾਲ ਸਮੱਸਿਆਵਾਂ ਵੱਡੀਆਂ ਹੁੰਦੀਆਂ ਹਨ ਅਤੇ ਕੁਦਰਤ ਨਾਲ ਅੰਨ੍ਹੇਵਾਹ ਖੇਡਿਆ ਜਾ ਰਿਹਾ ਹੈ । ਵਿਦਿਆਰਥੀਆਂ ਨੇ ਪੋਸਟਰਾਂ ਰਾਹੀਂ ਲੋਕਾਂ ਨੂੰ ਜਾਗਰੂਕ ਕੀਤਾ ਕਿ ਆਬਾਦੀ ਵਧਣ ਨਾਲ ਵਾਤਾਵਰਨ ਵਿੱਚ ਅਸੰਤੁਲਨ ਪੈਦਾ ਹੋ ਰਿਹਾ ਹੈ। ਵਾਤਾਵਰਨ ਨੂੰ ਸ਼ੁੱਧ ਰੱਖਣ ਲਈ ਛੋਟਾ ਪਰਿਵਾਰ ਹੋਣਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਅਬਾਦੀ ਵਧਣ ਨਾਲ ਧਰਤੀ ਖ਼ਤਰੇ ਵਿੱਚ ਹੈ ਅਤੇ ਇਹ ਮਨੁੱਖਾਂ, ਪਸ਼ੂਆਂ ਅਤੇ ਪੰਛੀਆਂ ਲਈ ਵੀ ਘਾਤਕ ਹੈ। ਉਨ੍ਹਾਂ ਕਿਹਾ ਕਿ ਆਬਾਦੀ ਵਧਣ ਕਾਰਨ ਦਰੱਖਤਾਂ ਦੀ ਲਗਾਤਾਰ ਕਟਾਈ ਹੋ ਰਹੀ ਹੈ। ਜੇਕਰ ਆਬਾਦੀ ਘਟਾਈ ਜਾਵੇ ਤਾਂ ਵਾਤਾਵਰਨ ਵੀ ਸਾਫ਼-ਸੁਥਰਾ ਹੋ ਸਕਦਾ ਹੈ, ਇਸ ਲਈ ਸੁਰੱਖਿਅਤ ਅਤੇ ਸ਼ੁੱਧ ਵਾਤਾਵਰਨ ਲਈ ਆਬਾਦੀ ਤੇ ਕੰਟਰੋਲ ਬਹੁਤ ਜ਼ਰੂਰੀ ਹੈ । ਵਾਤਾਵਰਨ ਨੂੰ ਸ਼ੁੱਧ ਬਣਾਉਣ ਲਈ ਵੱਧ ਤੋਂ ਵੱਧ ਰੁੱਖ ਅਤੇ ਪੌਦੇ ਲਗਾਉਣੇ ਚਾਹੀਦੇ ਹਨ। ਜੂਨੀਅਰ ਵਰਗ ਵਿੱਚ ਅਭਿਮਨਿਊ ਨੂੰ ਪਹਿਲਾ, ਲਕਸ਼ਮੀ ਨੂੰ ਦੂਜਾ ਅਤੇ ਜੋਤੀ ਨੂੰ ਤੀਜਾ ਇਨਾਮ ਦਿੱਤਾ ਗਿਆ, ਜਦਕਿ ਸੀਨੀਅਰ ਵਰਗ ਵਿੱਚ ਰਾਗਿਨੀ, ਕਾਜਲ ਅਤੇ ਅੰਜਲੀ ਨੂੰ ਵਧੀਆ ਪੋਸਟਰ ਬਣਾਉਣ ਲਈ ਕ੍ਰਮਵਾਰ ਪਹਿਲਾ, ਦੂਜਾ ਅਤੇ ਤੀਜਾ ਇਨਾਮ ਦਿੱਤਾ ਗਿਆ। ਸਕੂਲ ਦੇ ਪ੍ਰਿੰਸੀਪਲ ਡਾ: ਵਿਨੋਦ ਕੁਮਾਰ ਨੇ ਕਿਹਾ ਕਿ ਆਬਾਦੀ ਵਧਣ ਕਾਰਨ ਮਨੁੱਖ ਆਪਣੇ ਸਵਾਰਥ ਕਾਰਨ ਦਰੱਖਤਾਂ ਦੀ ਕਟਾਈ ਕਰਦਾ ਹੈ । ਇਸ ਨਾਲ ਉਹ ਆਪਣੀ ਅਤੇ ਦੂਜਿਆਂ ਦੀ ਜਾਨ ਨੂੰ ਖਤਰੇ ਵਿੱਚ ਪਾ ਰਿਹਾ ਹੈ। ਅਸੰਤੁਲਿਤ ਵਾਤਾਵਰਨ ਨੂੰ ਸੰਤੁਲਿਤ ਬਣਾਉਣ ਲਈ ਵੱਧ ਤੋਂ ਵੱਧ ਰੁੱਖ ਲਗਾਉਣੇ ਬਹੁਤ ਜ਼ਰੂਰੀ ਹਨ।

# ਰਾਹੁਲ ਸ਼ੁਕਲਾ 'ਵਾਇਸ ਆਫ਼ ਖੰਨਾ ਸਿਟੀਜ਼ਨ' ਦੇ ਪ੍ਰੋਜੈਕਟ ਇੰਚਾਰਜ, ਵਿਕਾਸ ਗੁਪਤਾ ਸੋਸ਼ਲ ਮੀਡੀਆ ਇੰਚਾਰਜ ਨਿਯੁਕਤ




ਖੰਨਾ, (ਸੁਖਚੈਨ ਮਹਿਰਾ) -ਸੰਸਥਾ ਵਾਇਸ ਆਫ ਖੰਨਾ ਸਿਟੀਜਨ ਦੀ ਮੀਟਿੰਗ ਪ੍ਰਧਾਨ ਹਰਪ੍ਰੀਤ ਸਿੰਘ ਪ੍ਰਿੰਸ ਦੀ ਅਗਵਾਈ 'ਚ ਹੋਈ। ਮੀਟਿੰਗ 'ਚ ਵੱਖ ਵੱਖ ਮੁੱਦਿਆਂ ਅਤੇ ਆਉਂਦੇ ਦਿਨਾਂ 'ਚ ਕੀਤੇ ਜਾਣ ਵਾਲੇ ਕਾਰਜਾਂ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਜਨਰਲ ਸੈਕਟਰੀ ਲੱਕੀ ਵਰਮਾ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਮੀਟਿੰਗ 'ਚ ਪ੍ਰਧਾਨ ਹਰਪ੍ਰੀਤ ਸਿੰਘ ਪ੍ਰਿੰਸ ਨੇ ਕਾਰਜਕਾਰਨੀ ਮੈਂਬਰ ਡਾ. ਰਾਹੁਲ ਸ਼ੁਕਲਾ ਨੂੰ ਪ੍ਰੋਜੈਕਟ ਇੰਚਾਰਜ ਅਤੇ ਵਿਕਾਸ ਗੁਪਤਾ ਨੂੰ ਸੋਸ਼ਲ ਮੀਡੀਆ ਇੰਚਾਰਜ ਦੀਆਂ ਜਿੰਮੇਵਾਰੀਆਂ ਸੌਂਪਣ ਦਾ ਸੁਝਾਅ ਦਿੱਤਾ, ਜਿਸ ਨੂੰ ਹਾਜਰ ਮੈਂਬਰਾਂ ਸਰਬ ਸੰਮਤੀ ਨਾਲ ਸਹਿਮਤੀ ਦਿੱਤੀ। ਇਸ ਮੌਕੇ ਹਾਜਰ ਮੈਂਬਰਾਂ ਨੇ ਡਾ. ਰਾਹੁਲ ਸ਼ੁਕਲਾ ਤੇ ਵਿਕਾਸ ਗੁਪਤਾ ਦੇ ਹਾਰ ਪਾ ਕੇ ਵਧਾਈਆਂ ਦਿੱਤੀਆਂ। ਡਾ. ਰਾਹੁਲ ਸ਼ੁਕਲਾ ਅਤੇ ਵਿਕਾਸ ਗੁਪਤਾ ਨੇ ਸੰਸਥਾ ਵੱਲੋਂ ਸੌਂਪੀਆਂ ਜਿੰਮੇਵਾਰੀਆਂ ਨੂੰ ਤਨਦੇਹੀ ਨਾਲ ਨਿਭਾਉਣ ਦਾ ਵਾਅਦਾ ਕਰਦੇ ਹੋਏ ਸਮੂਹ ਮੈਂਬਰਾਂ ਦਾ ਧੰਨਵਾਦ ਕੀਤਾ। ਇਸ ਮੌਕੇ ਸੰਸਥਾ ਆਗੂ ਲੱਕੀ ਵਰਮਾ, ਪਰਮਜੀਤ ਸਿੰਘ ਪੰਮੀ, ਸ਼ੇਰ ਸਿੰਘ ਅਤੇ ਹਰਿੰਦਰ ਰਾਜੇਵਾਲੀਆ ਵੀ ਹਾਜ਼ਰ ਸਨ

# ਬਾਲ ਭਿਖਿਆ ਰੋਕਥਾਮ ਲਈ ਜ਼ਿਲ੍ਹਾ ਬਰਨਾਲਾ ਵਿੱਚ ਚਲਾਈ ਚੈਕਿੰਗ ਮੁਹਿੰਮ



ਬਰਨਾਲਾ, (ਸੁਖਵਿੰਦਰ ਸਿੰਘ ਭੰਡਾਰੀ)ਸਮਾਜਿਕ ਸੁਰੱਖਿਆ ਇਸਤਰੀ ਅਤੇ ਬਾਲ ਵਿਕਾਸ ਵਿਭਾਗ ਪੰਜਾਬ ਚੰਡੀਗੜ੍ਹ ਦੇ ਦਿਸ਼ਾ-ਨਿਰਦੇਸ਼ਾ ਅਨੁਸਾਰ ਅਤੇ ਹਰਬੰਸ ਸਿੰਘ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਬਰਨਾਲਾ ਦੀ ਰਹਿਨੁਮਾਈ ਹੇਠ ਬਾਲ ਭਿਖਿਆ ਰੋਕਣ ਲਈ ਜ਼ਿਲ੍ਹਾ ਪਧੱਰੀ ਟਾਸਕ ਫੋਰਸ ਟੀਮ ਦੁਆਰਾ ਵੱਖ-ਵੱਖ ਥਾਵਾਂ ਤੇ ਚੈਕਿੰਗ ਕੀਤੀਆ ਗਈ।

ਹਰਬੰਸ ਸਿੰਘ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਨੇ ਦੱਸਿਆ ਕਿ ਇਸ ਮੁਹਿੰਮ ਤਹਿਤ ਜ਼ਿਲ੍ਹਾ ਪਧੱਰੀ ਟਾਸਕ ਫੋਰਸ ਟੀਮ ਵਲੋਂ ਜ਼ਿਲ੍ਹੇ ਦੇ ਕਈ ਖੇਤਰਾਂ ਵਿੱਚ ਚੈਕਿੰਗ ਕੀਤੀ ਜਾ ਰਹੀ ਹੈ।

ਇਸ ਦੌਰਾਨ ਇਕ ਬੱਚਾ ਬਾਲ ਭਿਖਿਆ ਕਰਦਾ ਵੀ ਰੈਸਕਿਊ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਅਜਿਹੇ ਬੱਚੇ ਕਿਸੇ ਵੀ ਜੁਰਮ ਦੇ ਸ਼ਿਕਾਰ ਹੋ ਸਕਦੇ ਹਨ, ਜੇਕਰ ਕੋਈ ਬੱਚਾ ਅਜਿਹਾ ਮਿਲਦਾ ਹੈ ਤਾਂ ਦਫਤਰ ਵੱਲੋ ਉਸਦੇ ਪੁਨਰਵਾਸ ਲਈ ਹਰ ਸੰਭਵ ਯਤਨ ਕੀਤੇ ਜਾਣਗੇ। ਇਸ ਮੌਕੇ ਸ਼੍ਰੀ ਰੁਪਿੰਦਰ ਸਿੰਘ, ਬਲਵਿੰਦਰ ਸਿੰਘ , ਗੁਰਪ੍ਰੀਤ ਸਿੰਘ (ਸਿੱਖਿਆ ਵਿਭਾਗ)ਅਤੇ ਡਾ. ਰਾਹੁਲ (ਸਿਹਤ ਵਿਭਾਗ) ਆਦਿ ਟੀਮ ਵਿਚ ਸ਼ਾਮਲ ਸਨ।

# ਵਿਸ਼ਵ ਆਬਾਦੀ ਦਿਵਸ਼ ਮਨਾਇਆ ਗਿਆ



ਬਰਨਾਲਾ, (ਸੁਖਵਿੰਦਰ ਸਿੰਘ ਭੰਡਾਰੀ) : ਸ਼੍ਰੀ ਲਾਲ ਬਹਾਦਰ ਸ਼ਾਸਤਰੀ ਆਰੀਆ ਮਹਿਲਾ ਕਾਲਜੀਏਟ ਸੀ.ਸੈ ਸਕੂਲ ਬਰਨਾਲਾ ਵਿੱਚ ਪ੍ਰਿੰਸੀਪਲ ਰਾਕੇਸ਼ ਕੁਮਾਰ ਦੀ ਅਗਵਾਈ ਵਿੱਚ ਐਨ ਐਸ ਐਸ ਵਿਭਾਗ ਵੱਲੋਂ ਵਿਸ਼ਵ ਆਬਾਦੀ ਦਿਵਸ ਮਨਾਇਆ ਗਿਆ। ਇਸ ਮੌਕੇ ਪ੍ਰਿੰਸ਼ੀਪਲ ਰਾਕੇਸ਼ ਕੁਮਾਰ ਨੇ ਬੱਚਿਆਂ ਨੂੰ ਵੱਧ ਰਹੀ ਆਬਾਦੀ ਅਤੇ ਆਉਣ ਵਾਲੇ ਸਮੇਂ ਵਿੱਚ ਇਸ ਤੋ ਹੋਣ ਵਾਲੀਆਂ ਸਮੱਸਿਆਵਾਂ ਬਾਰੇ ਜਾਗਰੂਕ ਕਰਵਾਇਆ। ਇਸ ਦੌਰਾਨ ਬੱਚਿਆਂ ਨੂੰ ਚਾਰਟ ਮੁਕਾਬਲੇ , ਪੋਸਟਰ ਮੁਕਾਬਲੇ ਅਤੇ ਭਾਸ਼ਣ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਭਾਸ਼ਣ ਮੁਕਾਬਲੇ ਵਿੱਚ ਅਵਨੀਤ ਕੌਰ ਨੇ ਪਹਿਲਾ ਅਤੇ ਅਨੂ ਨੇ ਦੂਜਾ ਸਥਾਨ ਹਾਸਲ ਕੀਤਾ, ਇਸੇ ਤਰਾਂ ਚਾਰਟ ਮੁਕਾਬਲੇ ਵਿੱਚ ਖੁਸ਼ਪ੍ਰੀਤ ਕੌਰ , ਜਸਦੀਪ ਅਤੇ ਪ੍ਰਿਅੰਕਾ ਨੇ ਪਹਿਲਾ ਦੂਜਾ ਤੇ ਤੀਜਾ ਸਥਾਨ ਪ੍ਰਾਪਤ ਕੀਤਾ। ਪੋਸਟਰ ਮੁਕਾਬਲੇ ਵਿੱਚ ਏਕਤਾ ਸ਼ਰਮਾ ਨੇ ਪਹਿਲਾ ਰਾਜਵੀਰ ਕੌਰ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਇਹਨਾ ਮੁਕਾਬਲਿਆਂ ਵਿੱਚ ਜੇਤੂ ਵਿਦਿਆਰਥੀਆਂ ਨੂੰ ਪ੍ਰਿੰਸੀਪਲ ਰਾਕੇਸ਼ ਕੁਮਾਰ ਨੇ ਸਨਮਾਨਿਤ ਕੀਤਾ । ਐਨ ਐਸ ਐਸ ਵਿਭਾਗ ਦੇ ਮੈਡਮ ਰਿੰਪੀ ਨੇ ਮੰਚ ਦਾ ਸੰਚਾਲਨ ਬਾਖ਼ੂਬੀ ਨਿਭਾਇਆ। ਇਸ ਮੌਕੇ ਸਮੂਹ ਸਟਾਫ਼ ਹਾਜ਼ਰ ਸੀ।

# ਗਲਾਡਾ ਵੱਲੋਂ 2 ਅਣਅਧਿਕਾਰਤ ਕਲੋਨੀਆਂ ਤੇ ਕਾਰਵਾਈ

ਲੁਧਿਆਣਾ, ( ਸੁਖਚੈਨ ਮਹਿਰਾ) - ਮੁੱਖ ਪ੍ਰਸ਼ਾਸਕ ਗਲਾਡਾ ਸਾਕਸ਼ੀ ਸਾਹਨੀ, ਆਈ.ਏ.ਐਸ. ਵੱਲੋਂ ਗੈਰ-ਕਾਨੂੰਨੀ ਕਲੋਨੀਆਂ ਤੇ ਸ਼ਿਕੰਜਾ ਕੱਸਦਿਆਂ ਕਿਹਾ ਕਿ ਅਣਅਧਿਕਾਰਤ ਅਤੇ ਗੈਰ-ਯੋਜਨਾਬੱਧ ਤਰੀਕੇ ਨਾਲ ਕੀਤੀਆਂ ਉਸਾਰੀਆਂ ਬਰਦਾਸ਼ਤ ਨਹੀਂ ਕੀਤੀਆਂ ਜਾਣਗੀਆਂ। ਉਨ੍ਹਾਂ ਸਪੱਸ਼ਟ ਕੀਤਾ ਕਿ ਗੈਰ-ਕਾਨੂੰਨੀ ਕਲੋਨੀਆਂ ਵਿੱਚ ਸਸਤੇ ਪਲਾਟ ਵੇਚਣ ਦੀ ਆੜ ਵਿੱਚ ਕਾਨੂੰਨੀ ਪ੍ਰਵਾਨਗੀ ਅਤੇ ਸਰਕਾਰੀ ਨਿਯਮਾਂ ਨੂੰ ਛਿੱਕੇ ਟੰਗ ਕੇ ਭੋਲੇ-ਭਾਲੇ ਵਸਨੀਕਾਂ ਨਾਲ ਧੱਕੇਸ਼ਾਹੀ ਕਰਨ ਵਾਲਿਆਂ ਖਿਲਾਫ਼ ਸਖ਼ਤ ਕਾਰਵਾਈ ਕਰਨ ਲਈ ਇੱਕ ਵਿਸ਼ੇਸ਼ ਮੁਹਿੰਮ ਚਲਾਈ ਗਈ ਹੈ।



ਵਧੀਕ ਮੁੱਖ ਪ੍ਰਸ਼ਾਸਕ, ਗਲਾਡਾ-ਕਮ-ਸਮਰੱਥ ਅਥਾਰਟੀ ਓਜਸਵੀ, ਆਈ.ਏ.ਐਸ. ਦੁਆਰਾ ਕਾਰਵਾਈ ਕਰਨ ਲਈ ਜਾਰੀ ਕੀਤੇ ਹੁਕਮਾਂ ਦੀ ਪਾਲਣਾ ਕਰਦਿਆਂ ਡਿਊਟੀ ਮੈਜਿਸਟ੍ਰੇਟ ਵਜੋਂ ਉਪ ਮੰਡਲ ਇੰਜੀਨੀਅਰ, ਗਲਾਡਾ ਕਰਨ ਅਗਰਵਾਲ ਨੇ ਪੁਲਿਸ ਫੋਰਸ ਅਤੇ ਗਲਾਡਾ ਦੀ ਇਨਫੋਰਸਮੈਂਟ ਟੀਮ ਜਿਸ ਵਿੱਚ ਜ਼ਿਲ੍ਹਾ ਟਾਊਨ ਪਲਾਨਰ (ਰੈਗੂਲੇਟਰੀ), ਸਹਾਇਕ ਟਾਊਨ ਪਲਾਨਰ (ਰੈਗੂਲੇਟਰੀ), ਸਬ-ਡਵੀਜ਼ਨਲ ਇੰਜੀਨੀਅਰ, ਗਲਾਡਾ, ਜੂਨੀਅਰ ਇੰਜੀਨੀਅਰ (ਰੈਗੂਲੇਟਰੀ) ਸ਼ਾਮਲ ਸਨ, ਨੇ ਦੋ ਅਣਅਧਿਕਾਰਤ ਕਲੋਨੀਆਂ ਵਿਰੁੱਧ ਕਾਰਵਾਈ ਕੀਤੀ। ਅੱਜ 11 ਜੁਲਾਈ 2024 ਨੂੰ ਬਾਰਨਹਾਰਾ, ਲੁਧਿਆਣਾ ਵਿੱਚ ਅਣਅਧਿਕਾਰਿਤ ਕਲੋਨੀਆਂ ਦੀਆਂ ਸੜਕਾਂ, ਚਾਰਦੀਵਾਰੀ, ਰਸਤਿਆਂ, ਸਟਰੀਟ ਲਾਈਟਾਂ, ਸੀਵਰੇਜ ਦੇ ਮੈਨਹੋਲਾਂ ਅਤੇ ਇਨ੍ਹਾਂ ਥਾਵਾਂ ਤੇ ਹੋਰ ਨਾਜਾਇਜ਼ ਉਸਾਰੀਆਂ ਅਤੇ ਢਾਂਚਿਆਂ ਨੂੰ ਢਹਿ-ਢੇਰੀ ਕੀਤਾ ਗਿਆ। ਇਹ ਅਣ-ਅਧਿਕਾਰਤ ਕਲੋਨੀਆਂ ਪਿੰਡ ਬਰਨਹਾਰਾ, ਲੁਧਿਆਣਾ ਵਿੱਚ ਸਥਿਤ ਸਨ।

ਜਦੋਂ ਡਿਵੈਲਪਰਾਂ ਨੂੰ ਨੋਟਿਸ ਦੇਣ ਦੇ ਬਾਵਜੂਦ ਵੀ ਉਨ੍ਹਾਂ ਗੈਰ-ਕਾਨੂੰਨੀ ਉਸਾਰੀ ਦਾ ਕੰਮ ਬੰਦ ਨਹੀਂ ਕੀਤਾ ਤਾਂ ਇਕ ਵਿਸ਼ੇਸ਼ ਟੀਮ ਵੱਲੋਂ ਕਾਰਵਾਈ ਆਰੰਭੀ ਗਈ, ਜੋ ਬਿਨਾਂ ਵਿਰੋਧ ਨੇਪਰੇ ਚੜ੍ਹੀ। ਸ਼ੁਰੂਆਤੀ ਪੜਾਅ ਤੇ ਗੈਰ-ਕਾਨੂੰਨੀ ਕਲੋਨੀਆਂ ਦੀ ਰੋਕਥਾਮ ਲਈ ਗਲਾਡਾ ਆਉਣ ਵਾਲੇ ਹਫ਼ਤਿਆਂ ਵਿੱਚ ਅਜਿਹੀਆਂ ਹੋਰ ਮੁਹਿੰਮਾਂ ਦੀ ਯੋਜਨਾ ਬਣਾ ਰਿਹਾ ਹੈ।ਮੁੱਖ ਪ੍ਰਸ਼ਾਸਕ, ਗਲਾਡਾ ਨੇ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਅਣਅਧਿਕਾਰਤ ਕਲੋਨੀਆਂ ਵਿੱਚ ਜਾਇਦਾਦ/ਪਲਾਟ/ਇਮਾਰਤਾਂ ਦੀ ਖਰੀਦ ਨਾ ਕਰਨ ਕਿਉਂਕਿ ਗਲਾਡਾ ਕੋਈ ਵੀ ਸਹੂਲਤ ਜਿਵੇਂ ਕਿ ਵਾਟਰ ਸਪਲਾਈ, ਸੀਵਰੇਜ, ਬਿਜਲੀ ਕੁਨੈਕਸ਼ਨ, ਸਟਰੀਟ ਲਾਈਟਾਂ ਆਦਿ ਪ੍ਰਦਾਨ ਨਹੀਂ ਕਰੇਗਾ। ਉਨ੍ਹਾਂ ਦੇ ਮਨਜ਼ੂਰ ਕੀਤੇ ਨਕਸ਼ੇ ਗਲਾਡਾ ਦੀ ਅਧਿਕਾਰਤ ਵੈੱਬਸਾਈਟ ਤੇ ਉਪਲਬਧ ਹਨ, ਜੋ ਕਿ ਸੰਭਾਵੀ ਖਰੀਦਦਾਰਾਂ ਦੁਆਰਾ ਕੋਈ ਵੀ ਜਾਇਦਾਦ ਖਰੀਦਣ ਤੋਂ ਪਹਿਲਾਂ ਜਾਂਚੇ ਜਾ ਸਕਦੇ ਹਨ।

ਗਲਾਡਾ ਦੇ ਵਧੀਕ ਮੁੱਖ ਪ੍ਰਸ਼ਾਸਕ ਨੇ ਦੱਸਿਆ ਕਿ ਗੈਰ-ਕਾਨੂੰਨੀ ਕਲੋਨੀਆਂ ਤੇ ਕਾਰਵਾਈ ਦੀ ਮੁਹਿੰਮ ਚਲਾਉਣ ਦੇ ਨਾਲ-ਨਾਲ ਅਜਿਹੀਆਂ ਕਲੋਨੀਆਂ ਦੇ ਡਿਵੈਲਪਰਾਂ ਵਿਰੁੱਧ ਐਫ.ਆਈ.ਆਰ., ਕਲੋਨੀਆਂ ਵਿੱਚ ਪਲਾਟਾਂ ਦੀ ਰਜਿਸਟਰੀ ਨਾ ਕਰਵਾਉਣ ਲਈ ਸਬੰਧਤ ਤਹਿਸੀਲਦਾਰਾਂ, ਬਿਜਲੀ ਦੇ ਕੁਨੈਕਸ਼ਨ ਨਾ ਦੇਣ ਲਈ ਪੀ.ਐਸ.ਪੀ.ਸੀ.ਐਲ. ਨੂੰ ਵੀ ਅਗਾਊਂ ਸਿਫਾਰਸ਼ ਕੀਤੀ ਗਈ ਹੈ।



ਚਿੜੀ ਆਈ ਚਿੜੀ ਆਈ
ਭੂਰੀ - ਭੂਰੀ ਚਿੜੀ ਆਈ
ਮੈਂ ਉਸਨੂੰ ਰੋਟੀ ਪਾਈ ,
ਉਸਨੇ ਉਡਾਰੀ ਲਾਈ
ਚਿੜੀ ਆਈ ਚਿੜੀ ਆਈ
ਸਾਡੇ ਘਰ ਇੱਕ ਚਿੜੀ ਆਈ।
ਸਾਰੇ ਪਾਸੇ ਘੁੰਮਦੀ ਜਾਵੇ ,
ਮੈਨੂੰ ਬਹੁਤ ਪਸੰਦ ਆਵੇ
ਚਿੜੀ ਆਈ ਚਿੜੀ ਆਈ
ਸਾਡੇ ਘਰ ਚਿੜੀ ਆਈ।



ਵਿਕਰਾਂਤ ਗੋਸਵਾਮੀ ,
ਜਮਾਤ ਚੌਥੀ ,

ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਗੰਭੀਰਪੁਰ ਲੋਅਰ , ਸਿੱਖਿਆ ਬਲਾਕ ਸ਼੍ਰੀ ਅਨੰਦਪੁਰ ਸਾਹਿਬ , ਜਿਲ੍ਹਾ ਰੂਪਨਗਰ , ਗਾਈਡ ਅਧਿਆਪਕ ਮਾਸਟਰ ਸੰਜੀਵ ਧਰਮਾਣੀ

# ਸਹਿਜ ਨੇ ਕੀਤਾ ਇੱਕ ਵੱਡਾ ਖੁਲਾਸਾ !!




(ਲੋਕ ਬਾਣੀ) ਪਿਛਲੇ ਐਪੀਸੋਡ ਵਿੱਚ, ਅਸੀਂ ਦੇਖਿਆ ਸੀ ਕਿ ਕਲਿਆਣੀ, ਸਹਿਜ ਨੂੰ ਵਿਆਹ ਲਈ ਤਿਆਰ ਕਰਦੀ ਹੈ, ਜਦੋਂ ਕਿ ਸਹਿਜ ਕਾਤਲ ਦੇ ਮੁੱਦੇ ਨੂੰ ਹੱਲ ਕਰਨ ਅਤੇ ਵਿਆਹ ਨੂੰ ਰੋਕਣ ਦੀ ਕੋਸ਼ਿਸ਼ ਕਰ ਰਹੀ ਹੈ।

ਸਹਿਜਵੀਰ ਦੇ ਅੱਜ ਦੇ ਐਪੀਸੋਡ ਵਿੱਚ ਦਾਦੀ ਪੁੱਛਦੀ ਹੈ ਕਿ ਸਹਿਜ ਵਿਆਹ ਕਿਉਂ ਕਰ ਰਹੀ ਹੈ, ਕਿਉਂਕਿ ਉਹ ਜਾਣਦੀ ਹੈ ਕਿ ਉਸਨੇ ਪਹਿਲਾਂ ਕਬੀਰ ਨਾਲ ਵਿਆਹ ਨਹੀਂ ਕੀਤਾ ਸੀ। ਸਹਿਜ ਹੈਰਾਨ ਰਹਿ ਜਾਂਦੀ ਹੈ, ਕਿ ਦਾਦੀ ਉਹਨਾਂਬਾਰੇ ਸਭ ਜਾਣਦੀ ਹੈ। ਸਹਿਜ ਨੇ ਕਬੀਰ ਨੂੰ ਮਾਰਨ ਦੀ ਕੋਸ਼ਿਸ਼ ਕਰਨ ਵਾਲੇ ਸਾਰਿਆਂ ਨੂੰ ਸਬੂਤ ਦੇ ਨਾਲ ਪ੍ਰਗਟ ਕੀਤਾ। ਕਲਿਆਣੀ, ਸਹਿਜ ਦਾ ਸਾਹਮਣਾ ਕਰਦੀ ਹੈ ਅਤੇ ਕਹਿੰਦੀ ਹੈ ਕਿ ਉਹ ਆਪਣੀ ਪਛਾਣ ਵੀਰਾ ਵਜੋਂ ਜਾਣਦੀ ਹੈ।

ਕੀ ਵੀਰਾ ਕਰ ਪਾਵੇਗੀ ਕਲਿਆਣੀ ਦਾ ਪਰਦਾਫਾਸ਼? ਕੀ ਵੀਰ ਨੂੰ ਪਤਾ ਲੱਗ ਗਿਆ ਹੈ ਕੌਣ ਕਰ ਰਿਹਾ ਹੈ ਕਬੀਰ ਤੇ ਹਮਲਾ? ਦੇਖੋ ਹਰ ਸੋਮਵਾਰ ਤੋਂ ਸ਼ਨੀਵਾਰ ਰਾਤ 8:30 ਵਜੇ ਜ਼ੀ ਪੰਜਾਬੀ ਤੇ ਸਹਿਜਵੀਰ ਦਾ ਦਿਲਚਸਪ ਐਪੀਸੋਡ।

# ਤੇਜਿੰਦਰਪਾਲ ਸਿੰਘ ਟਿੰਮਾ 'ਤੇ ਕੀਤਾ ਗਿਆ ਪਰਚਾ ਤੁਰੰਤ ਰੱਦ ਕੀਤਾ ਜਾਵੇ-: ਗਿ.ਸੁਲਤਾਨ ਸਿੰਘ




ਸ੍ਰੀ ਅਨੰਦਪੁਰ ਸਾਹਿਬ, (ਦਵਿੰਦਰਪਾਲ ਸਿੰਘ): ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਨੇ ਰਾਜਸਥਾਨ ਦੇ ਗੁਰਦੁਆਰਾ ਬਾਬਾ ਦੀਪ ਸਿੰਘ ਸ਼ਹੀਦ ਦੇ ਮੁੱਖ ਸੇਵਾਦਾਰ ਤੇਜਿੰਦਰਪਾਲ ਸਿੰਘ ਟਿੰਮਾ ਦੇ ਖ਼ਿਲਾਫ਼ ਗੰਗਾਨਗਰ ਪੁਲਿਸ ਵਲੋਂ ਦੇਸ਼ ਧਰੋਹ ਦਾ ਮੁਕੱਦਮਾ ਦਰਜ ਕਰਨ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ। ਉਹਨਾਂ ਕਿਹਾ ਕਿ ਆਜ਼ਾਦੀ ਦੇ ਲਈ ਸਿੱਖਾਂ ਨੇ ਸਭ ਤੋਂ ਵੱਧ ਕੁਰਬਾਨੀਆਂ ਕੀਤੀਆਂ ਹਨ ਪਰ ਫਿਰ ਵੀ ਭਾਰਤ ਦੇਸ਼ ਦੇ ਅੰਦਰ ਸਿੱਖਾਂ ਨਾਲ ਪੱਖ ਪਾਤ ਕੀਤਾ ਜਾ ਰਿਹਾ ਹੈ ਅਤੇ ਬੇਗਾਨਗੀ ਦਾ ਅਹਿਸਾਸ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਤੇਜਿੰਦਰਪਾਲ ਸਿੰਘ ਟਿੰਮਾ 'ਤੇ ਕੀਤਾ ਗਿਆ ਪਰਚਾ ਤੁਰੰਤ ਰੱਦ ਕੀਤਾ ਜਾਵੇ।

# ਖ਼ਾਲਸਾ ਕਾਲਜ ਇੰਜੀਨੀਅਰਿੰਗ ਦੇ ਵਿਦਿਆਰਥੀਆਂ ਦਾ 'ਪੰਜਾਬ ਸਟੇਟ ਬੋਰਡ ਆਫ਼ ਟੈਕਨੀਕਲ ਐਜੂਕੇਸ਼ਨ' ਦੀਆਂ ਪ੍ਰੀਖਿਆਵਾਂ 'ਚ ਸ਼ਾਨਦਾਰ ਪ੍ਰਦਰਸ਼ਨ




ਅੰਮ੍ਰਿਤਸਰ, (ਲੋਕ ਬਾਣੀ) ਖਾਲਸਾ ਕਾਲਜ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ, ਰਣਜੀਤ ਐਵੀਨਿਊ ਦੇ 2 ਵਿਦਿਆਰਥੀਆਂ ਨੇ ਪੰਜਾਬ ਰਾਜ ਤਕਨੀਕੀ ਸਿੱਖਿਆ ਬੋਰਡ ਦੀਆਂ ਪ੍ਰੀਖਿਆਵਾਂ 'ਚ ਸ਼ਾਨਦਾਰ ਸਥਾਨ ਹਾਸਲ ਕਰਕੇ ਕਾਲਜ ਅਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ ਹੈ।

ਇਸ ਸਬੰਧੀ ਕਾਲਜ ਡਾਇਰੈਕਟਰ ਡਾ. ਮੰਜੂ ਬਾਲਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮਕੈਨੀਕਲ ਇੰਜੀਨੀਅਰਿੰਗ (ਡਿਪਲੋਮਾ ਵਿੰਗ) ਦੇ ਐਮ. ਡੀ. ਨਾਜ ਬਾਬੂ ਨੇ ਪਹਿਲਾ, ਜਦਕਿ ਸਿਵਲ ਇੰਜੀਨੀਅਰਿੰਗ (ਡਿਪਲੋਮਾ ਵਿੰਗ) ਤੀਜਾ ਸਮੈਸਟਰ ਦੇ ਅਨੰਤ ਕੁਮਾਰ ਨੇ 7ਵਾਂ ਸਥਾਨ ਹਾਸਲ ਕਰਕੇ ਸੰਸਥਾ ਦਾ ਮਾਣ ਵਧਾਇਆ ਹੈ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੰਦਿਆਂ ਦੱਸਿਆ ਕਿ ਫੈਕਲਟੀ ਦੁਆਰਾ ਕਰਵਾਈ ਗਈ ਸਖ਼ਤ ਮਿਹਨਤ ਸਦਕਾ ਹੀ ਉਕਤ ਮੁਕਾਮ ਹਾਸਲ ਕੀਤਾ ਹੈ। ਉਨ੍ਹਾਂ ਕਿਹਾ ਕਿ ਕਾਲਜ ਵਿਦਿਆਰਥੀਆਂ ਨੂੰ ਸਿੱਖਿਆ ਦੀ ਗੁਣਵੱਤਾ, ਮਿਆਰ ਅਤੇ ਸਖ਼ਤ ਅਕਾਦਮਿਕ ਮਾਹੌਲ ਪ੍ਰਦਾਨ ਕਰਨ ਲਈ ਵਚਨਬੱਧ ਹੈ।

# ਡਾ: ਸੀਮਾ ਦਾ ਹੈਰਾਨ ਕਰਨ ਵਾਲਾ ਖੁਲਾਸਾ: ਕੀ ਸ਼ਮਿੰਦਰ ਨੂੰ ਪਤਾ ਲੱਗ ਗਿਆ ਹੈ ਕੀਰਤ ਕਿਸਦੀ ਧੀ ਹੈ ?




(ਲੋਕ ਬਾਣੀ) ਗੁਰਮਨ, ਬਾਬਾ ਜੀ ਨੂੰ ਉਸਦੀ ਮਦਦ ਕਰਨ ਲਈ ਕਹਿੰਦਾ ਹੈ, ਡਾ ਸੀਮਾ, ਸ਼ਮਿੰਦਰ ਨੂੰ ਫ਼ੋਨ ਕਰਦੀ ਹੈ ਅਤੇ ਉਸਨੂੰ ਸੂਚਿਤ ਕਰਦੀ ਹੈ ਕਿ ਉਸਦੀ ਮਾਂ ਉਸਨੂੰ ਮਿਲਣਾ ਚਾਹੁੰਦੀ ਹੈ, ਅਤੇ ਉਹ ਇਹ ਜਾਣ ਕੇ ਹੈਰਾਨ ਰਹਿ ਜਾਂਦਾ ਹੈ ਕਿ ਕੀਰਤ ਉਸਦੀ ਧੀ ਹੈ।

ਦਿਲਾਂ ਦੇ ਰਿਸ਼ਤੇ ਦੇ ਅੱਜ ਦੇ ਐਪੀਸੋਡ ਵਿੱਚ ਸ਼ਮਿੰਦਰ ਅਸਿੱਧੇ ਤੌਰ ਤੇ ਪ੍ਰਭ ਨੂੰ ਪੁੱਛਦਾ ਹੈ ਕਿ ਕੀਰਤ ਉਨ੍ਹਾਂ ਦੀ ਧੀ ਹੁੰਦੀ ਤਾਂ ਕੀ ਹੁੰਦਾ। ਅਰਸ਼ਪ੍ਰੀਤ ਨੇ ਸ਼ਮਿੰਦਰ ਨੂੰ ਮਾਰਨ ਦੀ ਕੋਸ਼ਿਸ਼ ਕੀਤੀ।

ਆਖਿਰ ਕੌਣ ਹੈ ਉਹ ਔਰਤ ਜੋ ਸ਼ਮਿੰਦਰ ਨੂੰ ਦੱਸ ਰਹੀ ਹੈ ਸਚਾਈ? ਕੀ ਕੀਰਤ ਸੱਚ ਵਿੱਚ ਸ਼ਮਿੰਦਰ ਤੇ ਪ੍ਰਭਜੋਤ ਦੀ ਧੀ ਹੈ? ਦਿਲਾਂ ਦੇ ਰਿਸ਼ਤੇ ਦਾ ਦਿਲਚਸਪ ਐਪੀਸੋਡ ਹਰ ਸੋਮ ਤੋਂ ਸ਼ਨੀਵਾਰ ਸ਼ਾਮ 7:30 ਵਜੇ ਸਿਰਫ ਜ਼ੀ ਪੰਜਾਬੀ ਤੇ ਦੇਖੋ।

# ਦੀਪਇੰਦਰ ਢਿੱਲੋਂ ਵੱਲੋ ਲਾਪਤਾ ਬੱਚਿਆਂ ਦੇ ਪਰਿਵਾਰਾ ਨਾਲ ਮੁਲਾਕਾਤ




ਡੇਰਾਬੱਸੀ, (ਲੋਕ ਬਾਣੀ) ਡੇਰਾਬੱਸੀ ਤੋਂ ਪਿਛਲੇ ਪੰਜ ਦਿਨ ਤੋਂ ਲਾਪਤਾ ਹੋਏ ਸੱਤ ਬੱਚਿਆਂ ਦੇ ਪਰਿਵਾਰਾਂ ਨਾਲ ਅੱਜ ਕਾਂਗਰਸਦੇ ਹਲਕਾ ਇੰਚਾਰਜ ਸ ਦੀਪਇੰਦਰ ਸਿੰਘ ਢਿੱਲੋਂ ਵੱਲੋਂ ਮੁਲਾਕਾਤਕੀਤੀਗਈ। ਇਸ ਮੌਕੇ ਉਹਨਾਂ ਦੇ ਨਾਲ ਕੌਂਸਲਰ ਰਾਮਦੇਵ ਸ਼ਰਮਾ, ਕੌਂਸਲਰ ਜਸਪ੍ਰੀਤ ਲੱਕੀ, ਕੌਂਸਲਰ ਚਮਨ ਸੈਣੀ, ਕੌਂਸਲਰ ਬੰਟੀ ਰਾਣਾ, ਅੰਕਿਤ ਜੈਨ, ਗੌਰਵ ਸ਼ਰਮਾ ਵੀ ਨਾਲ ਸਨ। ਬੱਚਿਆਂ ਦੇ ਮਾਪਿਆਂ ਨੂੰ ਮਿਲ ਕੇ ਢਿੱਲੋ ਨੇ ਉਹਨਾਂ ਨੂੰ ਹੌਸਲਾ ਦਿੱਤਾ ਅਤੇ ਆਪਣੇ ਵੱਲੋਂ ਹਰ ਪ੍ਰਕਾਰ ਦੀ ਮੱਦਦ ਕਰਨ ਦਾ ਭਰੋਸਾ ਦਿੱਤਾ। ਉਹਨਾਂ ਮੌਕੇ ਤੇ ਪੁਲਿਸ ਦੇ ਅਧਿਕਾਰੀਆਂ ਨਾਲ ਵੀ ਗੱਲ ਕੀਤੀ। ਇਸ ਮੌਕੇ ਦੀਪਇੰਦਰ ਸਿੰਘ ਢਿੱਲੋਂ ਨੇ ਕਿਹਾ ਕਿ ਪੁਲਿਸ ਆਪਣੇ ਪੱਧਰ ਉੱਤੇ ਬੱਚਿਆਂ ਨੂੰ ਲੱਭਣ ਲਈ ਪੂਰੀ ਕੋਸ਼ਿਸ਼ ਕਰ ਰਹੀ ਅਤੇ ਇਹਨਾਂ ਲਾਪਤਾ ਬੱਚਿਆਂ ਵਿਚੋਂ ਪੁਲਿਸ ਨੇ ਦੋ ਬੱਚਿਆਂ ਨੂੰ ਲੱਭ ਵੀ ਲਿਆ ਹੈ। ਉਹਨਾਂ ਕਿਹਾ ਕਿ ਬਾਕੀ ਬੱਚੇ ਵੀ ਜਲਦ ਮਿਲ ਜਾਣਗੇ। ਉਹਨਾਂ ਹੋਰਨਾਂ ਬੱਚਿਆਂ ਨੂੰ ਵੀ ਨਸੀਹਤ ਦਿੱਤੀ ਕਿ ਮਾਪਿਆਂ ਦੀ ਆਗਿਆ ਦਾ ਪਾਲਣ ਕਰੋ ਅਤੇ ਇੱਕ ਚੰਗੇ ਸਮਾਜਿਕ ਨਾਗਰਿਕ ਬਣ ਕੇ ਸਮਾਜ ਦੀ ਭਲਾਈ ਲਈ ਸੰਦੇਸ਼ ਬਣੋ।ਢਿੱਲੋਂ ਨੇ ਬੱਚਿਆਂ ਦੇ ਮਾਪਿਆਂ ਨੂੰ ਕਿਹਾ ਕਿ ਉਹ ਘਬਰਾਉਣ ਨਾ ਅਤੇ ਨਾ ਹੀ ਕਿਸੇ ਕਿਸਮ ਦੀ ਤੰਗੀ ਮਹਿਸੂਸ ਕਰਨ। ਇਸ ਮੌਕੇ ਉਹਨਾਂ ਸਾਰੇ ਬੱਚਿਆਂ ਦੇ ਪਰਿਵਾਰਾਂ ਨਾਲ ਮਿਲ ਕੇ ਗੱਲਬਾਤ ਕੀਤੀ।

# ਜਨਤਾ ਦਰਬਾਰ ਚ ਬੋਲੇ ਵਿਧਾਇਕ ਰੰਧਾਵਾ ਆਪਣੇ ਹਲਕੇ ਦੀ ਸੇਵਾ ਕਰਨ ਲਈ ਹਾਂ ਵਚਨਬੱਧ




ਡੇਰਾਬੱਸੀ, (ਲੋਕ ਬਾਣੀ) ਹਲਕਾ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਆਪਣੇ ਪਿੰਡ ਰੰਧਾਵਾ ਫਾਰਮ ਬਾਕਰਪੁਰ ਵਿਖੇ ਜਨਤਾ ਦਰਬਾਰ ਵਿੱਚ ਹਲ਼ਕੇ ਦੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ। ਜਨਤਾ ਦਰਬਾਰ ਵਿੱਚ ਵੱਖ-ਵੱਖ ਪਿੰਡਾਂ ਅਤੇ ਕਸਬਿਆਂ ਦੇ ਵਸਨੀਕਾਂ ਨੇ ਸੀਵਰੇਜ, ਪੀਣ ਵਾਲੇ ਪਾਣੀ, ਗਲੀਆਂ-ਨਾਲੀਆਂ ਅਤੇ ਹੋਰ ਵਿਕਾਸ ਕਾਰਜਾਂ ਸਬੰਧੀ ਆਪਣੀਆਂ ਸਮੱਸਿਆਵਾਂ ਰੱਖੀਆਂ ਅਤੇ ਉਨ੍ਹਾਂ ਦੇ ਹੱਲ ਦੀ ਮੰਗ ਕੀਤੀ। ਵਿਧਾਇਕ ਰੰਧਾਵਾ ਨੇ ਸਬੰਧਤ ਵਿਭਾਗ ਦੇ ਅਧਿਕਾਰੀਆਂ ਨੂੰ ਸਮੇਂ ਸਿਰ ਸਮੱਸਿਆਵਾਂ ਦੇ ਹੱਲ ਲਈ ਜ਼ਰੂਰੀ ਦਿਸ਼ਾ-ਨਿਰਦੇਸ਼ ਜਾਰੀ ਕੀਤੇ। ਵਿਧਾਇਕ ਕੁਲਜੀਤ ਰੰਧਾਵਾ ਨੇ ਅਧਿਕਾਰੀਆਂ ਨੂੰ ਲੋਕਾਂ ਦੀਆਂ ਸਮੂਹਿਕ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ ਤੇ ਹੱਲ ਕਰਨ ਲਈ ਕਿਹਾ। ਉਨ੍ਹਾਂ ਸ਼ਕਾਇਤਾਂ ਦੀ ਪ੍ਰਗਤੀ ਰਿਪੋਰਟ ਅਗਲੇ ਜਨਤਾ ਦਰਬਾਰ ਵਿੱਚ ਪੇਸ਼ ਕਰਨ ਲਈ ਵੀ ਕਿਹਾ। ਵਿਧਾਇਕ ਰੰਧਾਵਾ ਨੇ ਕਿਹਾ ਕਿ ਮੁੱਖਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਦੀ ਆਪ ਸਰਕਾਰ ਆਮ ਲੋਕਾਂ ਦੀ ਸਰਕਾਰ ਹੈ। ਮੁੱਖ ਮੰਤਰੀ ਭਗਵੰਤ ਮਾਨ ਦੀ ਤਰਫੋਂ ਵਿਧਾਇਕਾਂ ਨੂੰ ਪਹਿਲਾਂ ਹੀ ਹਦਾਇਤ ਕੀਤੀ ਗਈ ਹੈ ਕਿ ਉਹ ਆਪਣੇ ਹਲਕਿਆਂ ਵਿੱਚ ਰਹਿ ਕੇ ਸਥਾਨਕ ਲੋਕਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ ਤੇ ਹੱਲ ਕਰਨ। ਵਿਧਾਇਕ ਨੇ ਕਿਹਾ ਕਿ ਤੁਹਾਡੀ ਸਰਕਾਰ ਸੂਬੇ ਦੇ ਲੋਕਾਂ ਨੂੰ ਵਧੀਆ ਪ੍ਰਸ਼ਾਸਨ ਦੇਣ ਲਈ ਵਚਨਬੱਧ ਹੈ। ਸਰਕਾਰ ਆਮ ਲੋਕਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਯਤਨਸ਼ੀਲ ਹੈ ਅਤੇ ਲੋਕਾਂ ਨੂੰ ਭ੍ਰਿਸ਼ਟਾਚਾਰ ਮੁਕਤ ਅਤੇ ਪਾਰਦਰਸ਼ੀ ਢੰਗ ਨਾਲ ਵਿਕਾਸ ਦੀਆਂ ਸਹੂਲਤਾਂ ਮਿਲਣਾ ਯਕੀਨੀ ਬਣਾਉਣ ਲਈ ਯਤਨਸ਼ੀਲ ਹੈ। ਰੰਧਾਵਾ ਨੇ ਕਿਹਾ ਕਿ ਇੱਕ ਲੋਕ ਸੇਵਕ ਹੋਣ ਦੇ ਨਾਤੇ, ਇਹ ਮੇਰਾ ਫਰਜ਼ ਹੈ ਕਿ ਮੈਂ ਲੋਕਾਂ ਦੀ ਗੱਲ ਸੁਣਾਂ ਅਤੇ ਉਹਨਾਂ ਦੇ ਮਸਲਿਆਂ ਦੇ ਹੱਲ ਲਈ ਕੰਮ ਕਰਾਂ। ਮੈਂ ਆਪਣੇ ਹਲਕੇ ਦੀ ਸੇਵਾ ਕਰਨ ਲਈ ਵਚਨਬੱਧ ਹਾਂ ਅਤੇ ਭਵਿੱਖ ਵਿੱਚ ਵੀ ਅਜਿਹੇ ਜਨਤਾ ਦਰਬਾਰ ਲਗਾਉਂਦਾ ਰਹਾਂਗਾ।

# ਹਲਕੇ ਵਿੱਚ ਵਿਗੜੀ ਹੋਈ ਕਾਨੂੰਨ ਵਿਵਸਥਾ ਭਾਰੀ ਚਿੰਤਾ ਦਾ ਵਿਸ਼ਾ -ਨਸ਼ਾ ਤੇ ਕਰਾਈਮ ਦੀਆਂ ਵਾਰਦਾਤਾਂ ਚ ਹੋਇਆ ਵਾਧਾ- ਪਰਮਜੀਤ ਢਿੱਲੋਂ




ਸ੍ਰੀ ਮਾਛੀਵਾੜਾ ਸਾਹਿਬ-(ਲੋਕ ਬਾਣੀ) ਸ਼੍ਰੋਮਣੀ ਅਕਾਲੀ ਦਲ ਹਲਕਾ ਸਮਰਾਲਾ ਤੋਂ ਮੁੱਖ ਸੇਵਾਦਾਰ ਅਤੇ ਪਾਰਟੀ ਦੇ ਜਨਰਲ ਸਕੱਤਰ ਪਰਮਜੀਤ ਸਿੰਘ ਢਿੱਲੋਂ ਨੇ ਹਲਕੇ ਵਿੱਚ ਵਿਗੜੀ ਹੋਈ ਕਾਨੂੰਨ ਵਿਵਸਥਾ ਉੱਤੇ ਸਵਾਲ ਚੁੱਕਦਿਆਂ ਕਿਹਾ ਕਿ ਦਿਨ ਪ੍ਰਤੀ ਦਿਨ ਵਿਗੜਦੇ ਜਾ ਰਹੇ ਹਾਲਾਤ ਭਾਰੀ ਚਿੰਤਾ ਦਾ ਵਿਸ਼ਾ ਹਨ। ਉਹਨਾਂ ਕਿਹਾ ਕਿ ਹਲਕੇ ਵਿੱਚ ਜਿੱਥੇ ਨਸ਼ਾ ਕਾਰੋਬਾਰਆਂ ਦੇ ਕੰਮ ਵਿੱਚ ਚੋਖਾ ਵਾਧਾ ਹੋਇਆ ਉੱਥੇ ਹੀ ਲੁੱਟ ਖੋਹ ਤੇ ਹੋਰ ਕਰਾਈਮ ਦੀਆਂ ਵਾਰਦਾਤਾਂ ਵਿੱਚ ਵੀ ਬੇਤਹਾਸ਼ਾ ਵਾਧਾ ਹੋਇਆ ਹੈ। ਉਹਨਾਂ ਬੀਤੇ ਕੱਲ ਦੀ ਘਟਨਾ ਦਾ ਜ਼ਿਕਰ ਕਰਦਿਆਂ ਕਿਹਾ ਕਿ ਇੱਕ ਸਕੂਲ ਦੇ ਵਿਦਿਆਰਥੀਆਂ ਵੱਲੋਂ ਬੱਸ ਵਿੱਚ ਬੈਠਿਆਂ ਜਾਂਦਿਆਂ ਰੀਲ ਬਣਾਉਣ ਤੋਂ ਬਾਅਦ ਇੱਕ ਔਰਤ ਵੱਲੋਂ ਸਕੂਲ ਬੱਸ ਮੋਹਰੇ ਆਪਣੀ ਗੱਡੀ ਲਗਾਕੇ ਬੱਸ ਵਿੱਚ ਚੜ੍ਹ ਡਰਾਈਵਰ ਅਤੇ ਵਿਦਿਆਰਥੀਆਂ ਵੱਲ ਰਿਵਾਲਵਰ ਤਾਣਕੇ ਵੀਡੀਓ ਡਿਲੀਟ ਕਰਵਾਉਣਾ ਕਾਨੂੰਨ ਵਿਵਸਥਾ ਤੇ ਸਵਾਲੀਆ ਨਿਸ਼ਾਨ ਖੜ੍ਹੇ ਕਰਦਾ ਹੈ। ਉਹਨਾਂ ਅੱਗੇ ਗੱਲ ਕਰਦਿਆਂ ਕਿਹਾ ਕਿ ਜਾਣਕਾਰੀ ਅਨੁਸਾਰ ਪੁਲਿਸ ਜ਼ਿਲ੍ਹਾ ਖੰਨਾ ਵਿੱਚ ਨਸ਼ਾ ਕਾਰੋਬਾਰੀਆਂ ਦੀ ਕਰੀਬ ਸੱਤ ਕਰੋੜ ਤੋਂ ਵਧੇਰੇ ਦੀ ਪ੍ਰੌਪਰਟੀ ਜੋ ਪ੍ਰਸ਼ਾਸਨ ਵੱਲੋਂ ਜਬਤ ਕੀਤੀ ਗਈ ਹੈ ਉਸ ਵਿੱਚ ਪੰਜ ਕਰੋੜ ਤੋਂ ਵਧੇਰੇ ਦੀ ਪ੍ਰੌਪਰਟੀ ਹਲਕਾ ਸਮਰਾਲਾ ਦੀ ਹੀ ਹੈ, ਜੋ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਹੈ ਕਿ ਹਲਕਾ ਸਮਰਾਲਾ ਵਿੱਚ ਨਸ਼ਾ ਕਿਸ ਕਦਰ ਵੱਧ ਗਿਆ ਹੈ। ਉਹਨਾਂ ਕਿਹਾ ਕਿ ਪੰਜਾਬ ਦੀਆਂ ਜੇਲ੍ਹਾਂ ਵਿੱਚ ਮੌਜੂਦ ਬੈਠੇ ਵੱਡੇ ਗੈਂਗਸਟਰ ਵੀਡੀਓ ਕਾਲਾਂ ਕਰ ਰਹੇ ਹਨ ,ਪਰ ਪ੍ਰਸ਼ਾਸਨ ਨੂੰ ਇਸ ਦੀ ਖਬਰ ਹੀ ਨਹੀਂ ਲੱਗਦੀ। ਉਹਨਾਂ ਕਿਹਾ ਕਿ ਨਸ਼ਾ ਸਾਡੇ ਸਮਾਜ ਦੀ ਇੱਕ ਵੱਡਾ ਕੋਹੜ ਹੈ,ਇਸ ਨੂੰ ਖਤਮ ਕਰਨ ਦੇ ਲਈ ਪਾਰਟੀਬਾਜ਼ੀਆਂ ਤੋਂ ਉੱਪਰ ਉੱਠ ਕੇ ਸਾਰਿਆਂ ਨੂੰ ਯਤਨ ਕਰਨੇ ਪੈਣਗੇ। ਨਸ਼ਾ ਕਰਨ ਵਾਲਿਆਂ ਅਤੇ ਨਸ਼ਾ ਕਾਰੋਬਾਰੀਆਂ ਦੇ ਸਹਿਯੋਗੀਆਂ ਨੂੰ ਸਮਾਜ ਵਿੱਚੋਂ ਲਾਂਭੇ ਕਰਨਾ ਪਵੇਗਾ ਤਦ ਹੀ ਇਸ ਕੋਹੜ ਤੋਂ ਸਮਾਜ ਨੂੰ ਬਚਾਇਆ ਜਾ ਸਕਦਾ ਹੈ, ਪਰ ਪਤਾ ਨਹੀਂ ਕਿਉਂ ਲੋਕਾਂ ਕੋਲ ਵੋਟਾਂ ਮੰਗਣ ਦੇ ਲਈ ਤਾਂ ਸਾਰੇ ਨੇਤਾ ਜਾਂਦੇ ਹਨ ਪਰ ਅਜਿਹੇ ਸੰਵੇਦਨਸ਼ੀਲ ਮੁੱਦਿਆਂ ਉੱਤੇ ਬੋਲਣਾ ਚੰਗਾ ਕਿਉਂ ਨਹੀਂ ਸਮਝਦੇ ? ਉਹਨਾਂ ਲੋਕਾਂ ਨੂੰ ਅਪੀਲ ਕਰਦਾ ਕਿਹਾ ਕਿ ਆਪਣੇ ਆਪਣੇ ਪਰਿਵਾਰਾਂ ਨੂੰ ਨਸ਼ੇ ਅਤੇ ਨਸ਼ੇੜੀਆਂ ਤੋਂ ਬਚਾਉਣ ਦੇ ਲਈ ਉਹ ਜਾਗਰੂਕ ਹੋਣ, ਆਪਣੇ ਘਰ ਪਰਿਵਾਰ ਅਤੇ ਆਲੇ ਦੁਆਲੇ ਦੀ ਆਪਣੀ ਹਿਫਾਜ਼ਤ ਲਈ ਖੁਦ ਯਤਨ ਕਰਨ, ਕਿਉਂਕਿ ਪੰਜਾਬ ਜਿਸ ਸਥਿਤੀ ਵਿੱਚੋਂ ਇਸ ਵਕਤ ਲੰਘ ਰਿਹਾ ਹੈ ਉਹ ਬੇਹੱਦ ਖਤਰਨਾਕ ਹੈ।

# ਸ੍ਰੀ ਸੁਖਮਨੀ ਕਾਲਜ ਆਫ਼ ਲਾਅ ਵਿਖੇ ਕੰਮ ਵਾਲੀ ਥਾਂ ਤੇ ਔਰਤਾਂ ਦਾ ਜਿਨਸੀ ਸ਼ੋਸ਼ਣ ਵਿਸ਼ੇ ਤੇ ਕਾਨੂੰਨੀ ਸੰਵੇਦਨਸ਼ੀਲਤਾ ਪ੍ਰੋਗਰਾਮ ਦਾ ਆਯੋਜਨ

ਡੇਰਾਬਸੀ,(ਲੋਕ ਬਾਣੀ) ਐਸਐਸਜੀਆਈ ਦੇ ਸ੍ਰੀ ਸੁਖਮਨੀ ਕਾਲਜ ਆਫ਼ ਲਾਅ ਨੇ ਹਾਲ ਹੀ ਵਿੱਚ ਕੰਮ ਵਾਲੀ ਥਾਂ ਤੇ ਔਰਤਾਂ ਦੇ ਜਿਨਸੀ ਸ਼ੋਸ਼ਣ (ਰੋਕਥਾਮ, ਮਨਾਹੀ ਅਤੇ ਨਿਵਾਰਣ) ਐਕਟ,2013 ਤੇ ਇੱਕ ਪ੍ਰਭਾਵਸ਼ਾਲੀ ਕਾਨੂੰਨੀ ਸੰਵੇਦਨਸ਼ੀਲਤਾ ਪ੍ਰੋਗਰਾਮ ਦਾ ਆਯੋਜਨ ਕੀਤਾ।

ਇਸ ਸਮਾਗਮ ਵਿੱਚ ਮੁੱਖ ਮਹਿਮਾਨ ਅਤੇ ਮੁੱਖ ਬੁਲਾਰੇ ਵਜੋਂ ਸ੍ਰੀਮਤੀ ਸੁਰਭੀ ਪਰਾਸ਼ਰ,ਜੁਡੀਸ਼ੀਅਲ ਮੈਜਿਸਟ੍ਰੇਟ ਕਮ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ,ਮੁਹਾਲੀ ਚੀਫ਼ ਸਨ। ਐਸਐਸਜੀਆਈ ਦੇ ਚੇਅਰਮੈਨ ਕੰਵਲਜੀਤ ਸਿੰਘ, ਡਾਇਰੈਕਟਰ ਐਸਐਸਜੀਆਈ ਦਮਨਜੀਤ ਸਿੰਘ, ਮੁੱਖ ਪ੍ਰਸ਼ਾਸਕ ਪ੍ਰੋ: ਰਸ਼ਪਾਲ ਸਿੰਘ ਅਤੇ ਪ੍ਰਿੰਸੀਪਲ ਐਸਐਸਸੀਐਲ ਵੱਲੋਂ ਮੁੱਖ ਮਹਿਮਾਨ ਅਤੇ ਹੋਰ ਪਤਵੰਤਿਆਂ ਦਾ ਗੁਲਦਸਤਾ ਭੇਂਟ ਕਰਕੇ ਸਵਾਗਤ ਕੀਤਾ ਗਿਆ।

ਦਮਨਜੀਤ ਸਿੰਘ ਨੇ ਸਵਾਗਤੀ ਭਾਸ਼ਣ ਵਿੱਚ ਕਿਹਾ ਕਿ ਕੰਮ ਦੇ ਸਥਾਨਾਂ ਤੇ ਔਰਤਾਂ ਦਾ ਜਿਨਸੀ ਸ਼ੋਸ਼ਣ ਵਿਸ਼ੇ ਤੇ ਕਾਨੂੰਨੀ ਸੰਵੇਦਨਸ਼ੀਲਤਾ ਪ੍ਰੋਗਰਾਮ ਦਾ ਆਯੋਜਨ ਕਰਕੇ, ਤੁਸੀਂ ਨਾ ਸਿਰਫ ਕਾਨੂੰਨੀ ਸਿੱਖਿਆ ਦੀ ਜ਼ਰੂਰਤ ਨੂੰ ਪੂਰਾ ਕਰ ਰਹੇ ਹੋ, ਸਗੋਂ ਭਵਿੱਖ ਦੇ ਵਕੀਲਾਂ ਨੂੰ ਵੀ ਆਕਾਰ ਦੇ ਰਹੇ ਹੋ ਜੋ ਸਮਾਜਿਕ ਮੁੱਦਿਆਂ ਪ੍ਰਤੀ ਸੰਵੇਦਨਸ਼ੀਲ ਅਤੇ ਲੈਸ ਹੋਣ। ਕੰਮ ਵਾਲੀ ਥਾਂ ਦੇ ਵਾਤਾਵਰਣ ਵਿੱਚ ਸਕਾਰਾਤਮਕ ਯੋਗਦਾਨ ਪਾਓ।

ਮੁੱਖ ਮਹਿਮਾਨ ਨੇ ਮੁੱਖ ਭਾਸ਼ਣ ਵਿੱਚ ਕਿਹਾ ਕਿ ਅਜਿਹੇ ਪ੍ਰੋਗਰਾਮ ਜਾਗਰੂਕਤਾ ਪੈਦਾ ਕਰਨ ਅਤੇ ਔਰਤਾਂ ਨੂੰ ਅਜਿਹੀਆਂ ਘਟਨਾਵਾਂ ਤੋਂ ਬਚਾਉਣ ਲਈ ਬਣਾਏ ਗਏ ਕਾਨੂੰਨੀ ਢਾਂਚੇ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।

ਪ੍ਰੋਗਰਾਮ ਦੇ ਹਿੱਸੇ ਵਜੋਂ, ਡੇਰਾਬਸੀ ਦੇ ਸ੍ਰੀ ਸੁਖਮਨੀ ਆਯੁਰਵੈਦਿਕ ਹਸਪਤਾਲ ਦੇ ਹਰਬਲ ਗਾਰਡਨ ਵਿੱਚ ਤ੍ਰਿਵੇਣੀ ਥੀਮ (ਪਿੱਪਲ, ਬਰਗਾੜ ਅਤੇ ਨਿੰਮ) ਤਹਿਤ ਰੁੱਖ ਲਗਾਉਣ ਦੀ ਗਤੀਵਿਧੀ ਕਰਵਾਈ ਗਈ। ਇਸ ਪਹਿਲਕਦਮੀ ਨੇ ਕਾਨੂੰਨੀ ਜਾਗਰੂਕਤਾ ਅਤੇ ਵਾਤਾਵਰਣ ਸੰਭਾਲ ਦੋਵਾਂ ਪ੍ਰਤੀ ਵਚਨਬੱਧਤਾ ਨੂੰ ਰੇਖਾਂਕਿਤ ਕੀਤਾ। ਪ੍ਰੋਗਰਾਮ ਨੂੰ ਡਾ. ਸੁਧੀਰ ਚੌਹਾਨ, ਡਾ. ਸ਼ਰਧਾ ਸ਼ਰਮਾ, ਅਤੇ ਸ੍ਰੀਮਤੀ ਰਜਨੀ ਕੋਹਲੀ ਦੁਆਰਾ ਕੁਸ਼ਲਤਾ ਨਾਲ ਤਾਲਮੇਲ ਕੀਤਾ ਗਿਆ, ਜਿਸ ਨਾਲ ਇਸ ਦੀ ਸਫਲਤਾ ਅਤੇ ਹਾਜ਼ਰੀਨ ਤੇ ਮਹੱਤਵਪੂਰਣ ਪ੍ਰਭਾਵ ਨੂੰ ਯਕੀਨੀ ਬਣਾਇਆ ਗਿਆ।




ਪ੍ਰੋਗਰਾਮ ਦੀ ਸਮਾਪਤੀ ਪ੍ਰੋ: ਰਸ਼ਪਾਲ ਸਿੰਘ, ਮੁੱਖ ਪ੍ਰਸ਼ਾਸਕ ਐਸ.ਐਸ.ਜੀ.ਆਈ ਵੱਲੋਂ ਧੰਨਵਾਦ ਦੇ ਮਤੇ ਨਾਲ ਕੀਤੀ ਗਈ ਅਤੇ ਐਸ.ਐਸ. ਜੀ.ਆਈ ਦੇ ਚੇਅਰਮੈਨ ਸ੍ਰੀ ਕੰਵਲਜੀਤ ਸਿੰਘ ਵੱਲੋਂ ਮੁੱਖ ਮਹਿਮਾਨ ਅਤੇ ਹੋਰ ਪਤਵੰਤਿਆਂ ਨੂੰ ਮੋਮੈਂਟੋ ਭੇਂਟ ਕੀਤੇ ਗਏ। ਸਮਾਗਮ ਤੋਂ ਬਾਅਦ ਰਾਸ਼ਟਰੀ ਗੀਤ ਅਤੇ ਉੱਚੀ ਚਾਹ ਨਾਲ ਸਮਾਗਮ ਹੋਇਆ।

# ਲਾਪਤਾ ਬੱਚਿਆਂ ਵਿੱਚੋਂ ਦੋ ਦਿੱਲੀ ਤੋਂ ਕੀਤੇ ਬਰਾਮਦ , ਬਾਕੀ ਬੱਚਿਆਂ ਦਾ ਮੁੰਬਈ ਵਿੱਚ ਪਤਾ ਲਗਾ ਗਿਆ, ਪੁਲਿਸ ਟੀਮ ਮੁੰਬਈ ਲਈ ਰਵਾਨਾ

ਡੇਰਾਬੱਸੀ, (ਲੋਕ ਬਾਣੀ) ਬੀਤੇ ਐਤਵਾਰ ਡੇਰਾਬੱਸੀ ਤੋਂ ਸੱਤ ਸਕੂਲੀ ਬੱਚੇ ਲਾਪਤਾ ਹੋ ਗਏ ਸਨ, ਜਿਨ੍ਹਾਂ ਵਿੱਚੋਂ ਡੇਰਾਬੱਸੀ ਪੁਲਿਸ ਨੇ ਬੀਤੀ ਰਾਤ ਦਿੱਲੀ ਰੇਲਵੇ ਸਟੇਸ਼ਨ ਤੋਂ ਦੋ ਬੱਚਿਆਂ ਨੂੰ ਬਰਾਮਦ ਕਰ ਲਿਆ ਹੈ। ਬਰਾਮਦ ਹੋਏ ਬੱਚੇ - ਗੌਰਵ ਪੁੱਤਰ ਅਨਿਲ ਅਤੇ ਗਿਆਨਚੰਦ ਪੁੱਤਰ ਗਿਆਨ ਬਾਬੂ ਨੇ ਦੱਸਿਆ ਕਿ ਬਾਕੀ ਪੰਜ ਬੱਚੇ ਦਿਲੀਪ ਪੁੱਤਰ ਪ੍ਰਕਾਸ਼ ਕੇ.ਸੀ., ਵਿਸ਼ਨੂੰ ਪੁੱਤਰ ਵਿਕਾਸ, ਅਨਿਲ ਪੁੱਤਰ ਸੀਤਾਰਾਮ, ਸੂਰਜ ਪੁੱਤਰ ਬੈਜੂ, ਅਜੈ ਪੁੱਤਰ ਰਾਮ ਛਬੀਲਾ, ਸਾਰੇ 12 ਤੋਂ 15 ਸਾਲ ਦੀ ਉਮਰ ਅਤੇ ਸੱਤਵੀਂ ਤੇ 10ਵੀਂ ਜਮਾਤ ਦਾ ਵਿਦਿਆਰਥੀ ਹਨ। ਇਹ ਸਾਰੇ ਫਿਲਹਾਲ ਮੁੰਬਈ ਚ ਹਨ। ਡੇਰਾਬੱਸੀ ਪੁਲੀਸ ਨੇ ਬਰਾਮਦ ਹੋਏ ਬੱਚੇ ਉਨ੍ਹਾਂ ਦੇ ਪਰਿਵਾਰਾਂ ਨੂੰ ਸੌਂਪ ਦਿੱਤੇ ਹਨ ਅਤੇ ਬਾਕੀ ਪੰਜ ਬੱਚਿਆਂ ਦੀ ਭਾਲ ਲਈ ਪੁਲੀਸ ਟੀਮ ਮੁੰਬਈ ਭੇਜ ਦਿੱਤੀ ਹੈ। ਏਐਸਪੀ ਵੈਭਵ ਚੌਧਰੀ ਨੇ ਦੱਸਿਆ ਕਿ ਦੋ ਬੱਚੇ ਮਿਲ ਗਏ ਹਨ ਅਤੇ ਉਨ੍ਹਾਂ ਦੀ ਨਿਸ਼ਾਨਦੇਹੀ ਤੇ ਬਾਕੀ ਪੰਜ ਬੱਚਿਆਂ ਨੂੰ ਵੀ ਮੁੰਬਈ ਤੋਂ ਸੁਰੱਖਿਅਤ ਬਰਾਮਦ ਕਰ ਲਿਆ ਜਾਵੇਗਾ।

ਜਾਣਕਾਰੀ ਦਿੰਦੇ ਹੋਏ ਬਰਾਮਦ ਹੋਏ ਦੋਨਾਂ ਬੱਚਿਆਂ ਨੇ ਦੱਸਿਆ ਕਿ ਉਹ ਸਾਰੇ ਸੱਤੇ ਦੋਸਤ ਸਨ ਅਤੇ ਪਿਛਲੇ ਐਤਵਾਰ ਨੂੰ ਵੱਖ-ਵੱਖ ਸਮੇਂ ਆਪਣੇ ਪਰਿਵਾਰਕ ਮੈਂਬਰਾਂ ਨੂੰ ਕ੍ਰਿਕਟ ਖੇਡਣ ਲਈ ਕਹਿ ਕੇ ਘਰੋਂ ਚਲੇ ਗਏ ਸਨ। ਐਤਵਾਰ ਨੂੰ ਡੇਰਾਬੱਸੀ ਸ਼ਹਿਰ ਚ ਕੁਝ ਦੇਰ ਘੁੰਮਦੇ ਰਹੇ, ਜਿਸ ਤੋਂ ਬਾਅਦ ਸਾਰੇ ਦਿੱਲੀ ਦੇ ਰਸਤੇ ਮੁੰਬਈ ਲਈ ਰਵਾਨਾ ਹੋ ਗਏ। ਉੱਥੇ 2 ਦਿਨਾਂ ਬਾਅਦ ਗੌਰਵ ਅਤੇ ਗਿਆਨ ਚੰਦ ਨੂੰ ਆਪਣੇ ਪਰਿਵਾਰਾਂ ਨੂੰ ਯਾਦ ਕੀਤਾ ਅਤੇ ਵਾਪਸ ਆ ਰਹੇ ਸਨ। ਇਸੇ ਦੌਰਾਨ ਡੇਰਾਬੱਸੀ ਪੁਲੀਸ ਨੂੰ ਸੂਚਨਾ ਮਿਲੀ ਕਿ ਦੋਵੇਂ ਬੱਚੇ ਦਿੱਲੀ ਰੇਲਵੇ ਸਟੇਸ਼ਨ 'ਤੇ ਹਨ, ਜਿਨ੍ਹਾਂ ਨੂੰ ਦਿੱਲੀ ਪੁਲੀਸ ਦੀ ਮਦਦ ਨਾਲ ਰੇਲਵੇ ਸਟੇਸ਼ਨ ਤੋਂ ਬਰਾਮਦ ਕਰਕੇ ਡੇਰਾਬੱਸੀ ਲਿਆਂਦਾ ਗਿਆ। ਏਐਸਪੀ ਅਨੁਸਾਰ ਬੱਚਿਆਂ ਨੇ ਦੱਸਿਆ ਕਿ ਉਨ੍ਹਾਂ ਦੇ ਨਾਲ ਗਏ ਸੂਰਜ ਕੋਲ ਕੁਝ ਪੈਸੇ ਸਨ




ਅਤੇ ਉਸ ਨੇ ਸਾਰਿਆਂ ਦੀਆਂ ਟਿਕਟਾਂ, ਖਾਣ-ਪੀਣ, ਰਹਿਣ ਆਦਿ ਦਾ ਭੁਗਤਾਨ ਕੀਤਾ ਅਤੇ ਅੰਬਾਲਾ ਤੋਂ ਰੇਲਗੱਡੀ ਬੁੱਕ ਕੀਤੀ ਅਤੇ ਮੁੰਬਈ ਪਹੁੰਚ ਗਏ। ਉੱਥੇ ਰਹਿਣ ਦੇ ਨਾਲ-ਨਾਲ ਕੋਈ ਕੰਮ ਕਰਨ ਦੀ ਗੱਲ ਕਰਦੇ ਰਹੇ। ਏਐਸਪੀ ਨੇ ਕਿਹਾ ਕਿ ਕਈ ਥਾਣਿਆਂ ਵਿੱਚ ਬੱਚਿਆਂ ਦੀਆਂ ਫੋਟੋਆਂ ਸਮੇਤ ਮੈਸੇਜ ਫਲੈਸ਼ ਕੀਤੇ ਗਏ ਹਨ। ਬਾਕੀ ਬਚੇ ਬੱਚਿਆਂ ਨੂੰ ਵੀ ਜਲਦੀ ਲੱਭ ਲਿਆ ਜਾਵੇਗਾ।

# ਅਮਰੌਦ ਸਿੰਘ ਅਗੇਤਾ ਨੇ ਜ਼ਮੀਨੀ ਵਿਵਾਦ ਕਾਰਨ ਕੀਤੀ ਆਤਮ ਹੱਤਿਆਂ -ਪੁਲਸ ਵਲੋਂ ਡੂੰਘਾਈ ਨਾਲ ਜਾਂਚ ਸੁਰੂ




ਨਾਭਾ (ਲੋਕ ਬਾਣੀ) ਪਿੰਡ ਅਗੇਤਾ ਦੇ ਕਿਸਾਨ ਵਾਸੀ ਡਿਫੈਂਸ ਕਾਲੋਨੀ ਨਾਭਾ ਅਮਰੌਦ ਸਿੰਘ ਵਲੋਂ ਅਪਣੇ ਘਰ ਵਿੱਚ ਹੀ ਪੱਖੇ ਨਾਲ ਫਾਹਾ ਲੈਕੇ ਅਪਣੀ ਜੀਵਨ ਲੀਲਾ ਸਮਾਪਤ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ ਇਸ ਸਬੰਧੀ ਉਸ ਦੀ ਪਤਨੀ ਅਤੇ ਮ੍ਰਿਤਕ ਅਮਰੌਦ ਸਿੰਘ ਵਲੋਂ ਲਿਖੇ ਸੁਸਾਇਡ ਨੋਟ ਮੂਤਾਬਕ ਅਮਰੌਦ ਸਿੰਘ ਦੇ ਭਰਾ ਵਲੋਂ ਉਸ ਹਿੱਸਾ ਅਪਣੇ ਨਾਮ ਕਰਵਾਕੇ ਧੋਖਾਧੜੀ ਕਰ ਲਈ ਸੀ ਜਿਸ ਕਾਰਨ ਉਸ ਨੂੰ ਇਹ ਕਦਮ ਪੁੱਟਣਾ ਪਿਆ ਮਿਰਤਕ ਦੀ ਇਕਲੋਤੀ ਬੇਟੀ ਵਿਦੇਸ਼ ਚ ਰਹਿੰਦੀ ਹੈ ਤੇ ਪਤਨੀ ਵਲੋਂ ਇਨਸਾਫ਼ ਦੀ ਮੰਗ ਕਰਦਿਆਂ ਕਿਹਾ ਮੇਰੇ ਪਤੀ ਨਾਲ ਉਸ ਦੇ ਭਰਾ ਵਲੋਂ ਧੋਖਾਧੜੀ ਕੀਤੀ ਗਈ ਹੈ ਮੇਰਾ ਸਭ ਕੁੱਝ ਬਰਬਾਦ ਹੋ ਗਿਆ ਹੈ ਇਸ ਸਬੰਧੀ ਐਸ ਐਚ ਓ ਸਦਰ ਥਾਣਾ ਗੁਰਵਿੰਦਰ ਸਿੰਘ ਨੇ ਦੱਸਿਆ ਕਿ ਅਮਰੌਦ ਸਿੰਘ ਪੁੱਤਰ ਜਾਗਰ ਸਿੰਘ ਅਗੇਤਾ ਫਿਲਹਾਲ ਵਾਸੀ ਡਿਫੈਂਸ ਕਾਲੋਨੀ ਵਲੋਂ ਸੁਸਾਇਡ ਕੀਤੇ ਜਾਣ ਦੀ ਸੁਚਨਾ ਮਿਲੀ ਹੈ ਜਿਸ ਦੀ ਡੂੰਘਾਈ ਨਾਲ ਜਾਂਚ ਕਰਦਿਆ ਅਗਲੇਰੀ ਕਾਰਵਾਈ ਅਰੰਭੀ ਜਾਵੇਗੀ

# ਸਿਹਤ ਸਹੂਲਤਾ ਰੱਬ ਆਸਰੇ, ਪ੍ਰਾਇਵੇਟ ਹਸਪਤਾਲਾਂ ਦੇ ਹਵਾਲੇ ਮਾਛੀਵਾੜਾ ਵਾ ਖੁਦ ਬਿਮਾਰ ਹੈ ਮਾਛੀਵਾੜਾ ਦਾ ਮੱਢਲਾ ਸਿਹਤ ਕੇਂਦਰ

ਸ੍ਰੀ ਮਾਛੀਵਾੜਾ ਸਾਹਿਬ-(ਲੋਕ ਬਾਣੀ) ਬਲਾਕ ਦੇ 136 ਪਿੰਡਾ ਦੇ ਨਾਲ ਨਾਲ 25 ਹਜਾਰ ਤੋਂ ਵੱਧ ਦੀ ਅਬਾਦੀ ਵਾਲੇ ਕਸਬੇ ਨੂੰ ਮੁੱਢਲੀਆ ਸਹੂਲਤਾ ਦੇਣ ਵਾਲਾ ਇੱਕੋ ਇੱਕ ਮੁੱਢਲਾ ਸਿਹਤ ਸੈਂਟਰ ਅੱਜ ਕੱਲ ਡਾਕਟਰਾ ਤੇ ਹੋਰ ਸਟਾਫ ਦੀ ਭਾਰੀ ਕਮੀ ਦੇ ਚਲਦਿਆ ਖੁੱਦ ਬਿਮਾਰ ਲੱਗ ਰਿਹਾ ਹੈ। ਸਮੁੱਚੇ ਹਲਕੇ ਵਿੱਚ ਕਿਸੇ ਵੀ ਐਮਰਜੈਂਸੀ ਹਾਲਤਾਂ ਵਿੱਚ ਮਰੀਜ ਨੂੰ ਇਲਾਜ ਜਾਂ ਫਸਟ ਐਡ ਲਈ ਸਹੂਲਤਾ ਦੇ ਨਾਮ ਤੇ 24 ਘੰਟੇ ਲਈ ਸਿਰਫ ਇੱਕ ਡਾਕਟਰ ਉਪਲੱਭਦ ਹੈ। ਉੱਥੇ ਹੀ ਡਾਕਟਰਾਂ ਦੀ ਕਮੀ ਦੇ ਚਲਦਿਆ ਰੋਜਾਨਾ ਦੀ ਓ ਪੀ ਡੀ ਵਿੱਚ 100 ਤੋਂ ਵੱਧ ਮਰੀਜਾ ਦੇ ਚੈੱਕ ਅੱਪ ਲਈ ਸਿਰਫ ਇੱਕ ਹੀ ਡਾਕਟਰ ਤੇ ਨਿਰਭਰ ਹੋਣਾ ਪੈ ਰਿਹਾ ਹੈ। ਜੇਕਰ ਚਾਰ ਘੰਟਿਆ ਦੀ ਓ ਪੀ. ਡੀ ਵਿੱਚ ਕੋਈ ਡਿਲਵਰੀ ਜਾਂ ਵੱਡੀ ਐਮਰਜੈਂਸ਼ੀ ਆ ਜਾਵੇ ਤਾਂ ਇੱਕ ਹੀ ਸੀਨੀਅਰ ਡਾਕਟਰ ਨੂੰ ਓ ਪੀ ਡੀ ਛੱਡ ਕੇ ਐਮਰਜੈਂਸੀ ਵਿੱਚ ਜਾਣਾ ਪੈਂਦਾਂ ਹੈ। ਜੇਕਰ ਐਮਰਜੈਸ਼ੀ ਵਾਲੇ ਡਾਕਟਰ ਦੀ ਗੱਲ ਕਰੀਏ ਤਾਂ ਸਾਰਾ ਦਿਨ ਡਿਊਟੀ ਕਰਨ ਤੋ ਬਾਦ ਰਾਤ ਦੇ 12 ਘੰਟੇ ਵਿੱਚ ਵੀ ਇਹੀ ਡਾਕਟਰ ਆਨਕਾਲ ਡਿਊਟੀ ਕਰਦੇ ਹਨ। ਪਰ ਪਿਛਲੇ ਲੰਬੇ ਸਮੇ ਤੋ ਜਿਅਦਾਤਰ ਐਮਰਜੈਂਸ਼ੀ ਕੇਸਾ ਨੂੰ ਜਾਂ ਤਾਂ ਸਮਰਾਲੇ ਜਾਂ ਲੁਧਿਆਣੇ ਦੇ ਵੱਡੇ ਹਸਪਤਾਲ ਵਿਖੇ ਰੇਵ ਕੀਤਾ ਜਾਦਾ ਹੈ. ਅਜਿਹੀ ਸਥਿਤੀ ਵਿੱਚ ਇਲਾਕਾ ਵਾਸੀਆ ਲਈ ਇੱਕੋ ਇੱਕ ਰਸਤਾ ਸ਼ਹਿਰ ਦੇ ਪ੍ਰਾਇਵੇਟ ਹਸਪਤਾਲ ਬਚਦੇ ਹਨ। ਹਾਲਾਂ ਕਿ ਹਸਪਤਾਲ ਪ੍ਰਸ਼ਾਸਨ ਨੇ ਪੁਸ਼ਟੀ ਤਾਂ ਨਹੀ ਕੀਤੀ ਪਰ ਸੂਤਰਾ ਦੀ ਮੰਨੀਏ ਤਾਂ ਸੈਂਟਰ ਵਿੱਚ ਆਉਣ ਵਾਲੇ ਜਿਆਦਾਤਰ ਨਾਰਮਲ ਡਿਲਵਰੀ ਦੇ ਕੇਸਾ ਨੂੰ ਸਟਾਫ ਹੀ ਹੈਂਡਲ ਕਰਦਾ ਹੈ, ਥੋੜੀ ਜਿਹੀ ਮੁਸ਼ਕਿਲ ਆਉਣ ਤੇ ਹੀ ਮਰੀਜ ਨੂੰ ਅੱਗੇ ਰੈਫਰ ਕਰ ਦਿੱਤਾ ਜਾਦਾ ਹੈ। ਸਥਾਨਕ 30 ਬਿਸਤਰਿਆਂ ਵਾਲੇ ਮਾਛੀਵਾੜਾ ਸੈਟਰ ਵਿੱਚ ਡਾਕਟਰਾਂ ਦੀਆ ਛੇ ਪੋਸਟਾ ਹਨ, ਜਿਨ੍ਹਾਂ ਵਿੱਚੋਂ ਦੋ ਖਾਲੀ ਪਈਆ ਜਦਕਿ ਦੋ ਡਿਪੁਟੇਸ਼ਨ ਤੇ ਹਨ, ਸਿਰਫ ਦੋ ਡਾਕਟਰ ਹੀ ਕੰਮ ਚਲਾ ਰਹੇ ਹਨ। ਸਟਾਫ ਨਰਸ ਦੀਆਂ ਪੋਸਟਾਂ ਵੀ 13 ਵਿੱਚੋਂ ਨੌ ਖਾਲੀ ਪਈਆ ਹਨ । ਜਦਕਿ ਏ ਐਨ ਐਮ ਦੀਆ 22 ਪੋਸਟਾਂ ਵਿਚੋਂ 12 ਖਾਲੀ ਪਈਆ ਹਨ, ਖੂਨ ਤੇ ਹੋਰ ਟੈਸਟਾ ਸਬੰਧੀ ਐਲ ਟੀ ਦੀਆ ਚਾਰ ਪੋਸਟਾਂ ਵਿਚੋਂ ਤਿੰਨ ਖਾਲੀ ਹਨ,ਇਸੇ ਤਰਾ ਫਾਰਮਾਸਿਸਟ ਦੀਆ ਤਿੰਨ ਵਿੱਚ ਦੋ ਪੋਸਟਾਂ ਖਾਲੀ ਪਈਆ ਹਨ, ਜੇਕਰ ਦਰਜਾ ਚਾਰ ਦੀ ਗੱਲ ਕਰੀਏ ਤਾਂ 22 ਪੋਸਟਾ ਵਿਚੋਂ 18 ਖਾਲੀ ਹਨ, ਸਥਾਨਕ ਹਸਪਤਾਲ ਦੇ ਐਸ ਐਮ ਓ ਡਾ: ਜਸਦੇਵ ਸਿੰਘ ਨੇ ਖਾਲੀ ਪੋਸਟਾ ਦੀ ਪੁਸ਼ਟੀ ਕਰਦਿਆ ਕਿਹਾ ਕਿ ਕਈ ਵਾਰ ਉੱਚ ਅਧਿਕਾਰੀਆ ਨੂੰ ਪੋਸ਼ਟ ਭਰਨ ਸਬੰਧੀ ਲਿਖ ਕੇ ਭੇਜ ਚੁੱਕੇ ਹਨ। ਉਨਾ ਕਿਹਾ ਕਿ ਘੱਟ ਸਟਾਫ ਦੇ ਚਲਦਿਆ ਬੜੀ ਮੁਸਕਿਲਾ ਦੇ ਨਾਲ ਡਿਊਟੀ ਤੋਂ ਵੱਖਰਾ ਸਮਾ ਕੱਢ ਕੇ ਕੰਮ ਚਲਾ ਰਹੇ ਹਾਂ। ਰੋਜਾਨਾ ਦੀ 100 ਦੇ ਕਰੀਬ ਓ ਪੀ ਡੀ ਅਤੇ ਔਸਤਨ ਮਹੀਨੇ ਵਿੱਚ ਸਥਾਨਕ ਸੈਟਰ ਵਿੱਚ 50 ਤੋਂ ਜਿਆਦਾ ਡਿਲਵਰੀ ਕੇਸ ਇਹੀ ਗੱਲ ਵੱਲ ਇਸਾਰਾ ਕਰਦੇ ਹਨ ਕਿ ਮਾਛੀਵਾੜਾ ਸੈਂਟਰ ਵਿੱਚ ਮਰੀਜ ਤਾਂ ਹਨ. ਪਰ ਡਾਕਟਰ ਆ ਜਾਣ ਤਾਂ ਗਰੀਬ ਮਰੀਜਾ ਨੂੰ ਵੀ ਮੈਡੀਕਲ ਸਹੂਲਤਾ ਸਸਤੇ ਭਾਅ ਤੇ ਮਿਲ ਜਾਣਗੀਆ। ਹਸਪਤਾਲ ਵਿੱਚ ਡਿਊਟੀ ਕਰ ਰਹੇ ਸੀਨੀਅਰ ਸਟਾਫ ਨੇ ਨਾਮ ਨਾ ਛਾਪਣ ਦੀ ਸ਼ਰਤ ਤੇ ਦੱਸਿਆ ਕਿ ਡਿਊਟੀ ਸਮੇ ਨੂੰ ਦਰਕਿਨਾਰ ਕਰਕੇ ਸਿਰਫ ਇਨਸਾਨੀਅਤ ਦੇ ਨਾਤੇ ਦਿਨ ਰਾਤ ਹਸਪਤਾਲ ਦੇ ਕੰਮ ਲਈ ਲੱਗ ਰਹਿੰਦੇ ਹਨ, ਪਰ ਗੰਭੀਰ ਹਾਲਤ ਵਿੱਚ ਮਰੀਜ ਆਵੇ ਤਾਂ ਉਹ ਉਨ੍ਹਾਂ ਦੇ ਵੱਸ ਦੀ ਗੱਲ ਨਹੀ ਹੈ। ਉੱਥੇ ਹੀ ਦਰਜਾ ਚਾਰ ਦੇ ਮੁਲਾਜਮ ਨੇ ਆਪਣਾ ਨਾਮ ਗੁਪਤ ਰੱਖ ਕੇ ਦੱਸਿਆ ਕਿ ਕਦੀ ਇਧਰੋ ਬੋਲ ਵਜਦੀ ਹੈ ਤੇ ਕਦੇ ਉਧਰੋ ਬੈੱਲ ਵਜਦੀ ਹੈ ਸਾਰਾ ਡਿਊਟੀ ਦਾ ਸਮਾ ਟੈਸ਼ਨ ਵਿੱਚ ਹੀ ਗੁਜਰਦਾ ਹੈ।




ਕੀ ਕਹਿੰਦੇ ਹਨ ਸਿਵਲ ਸਰਜਨ.

ਕੀ ਕਹਿਣਾ ਸਿਵਲ ਸਰਜਨ ਲੁਧਿਆਣਾ ਦਾ,,, ਇਸ ਸਬੰਧੀ ਜਦੋਂ ਸਿਵਲ ਸਰਜਨ ਲੁਧਿਆਣਾ ਡਾਕਟਰ ਜਸਵੀਰ ਸਿੰਘ ਔਲਖ ਨਾਲ ਗੱਲ ਕੀਤੀ ਤਾਂ ਉਹਨਾਂ ਕਿਹਾ ਕਿ ਉਹਨਾਂ ਸਰਕਾਰ ਨੂੰ ਪਹਿਲਾਂ ਵੀ ਇਸ ਸਬੰਧੀ ਲਿਖ ਕੇ ਦਿੱਤਾ ਹੈ ਤੇ ਬਹੁਤ ਜਲਦ ਹਸਪਤਾਲ ਵਿੱਚ ਸਟਾਫ ਦੀ ਕਮੀ ਨੂੰ ਦੂਰ ਕਰਨ ਲਈ ਪੋਸਟਾਂ ਭਰ ਲਈਆਂ ਜਾਣਗੀਆਂ।

DIPS INSTITUTIONS
CHAIN OF DIPS INSTITUTIONS
KNOWLEDGE IS POWER
DIPS ITM
DIPS INSTITUTE OF MANAGEMENT & TECHNOLOGY
RAMNEEK AVENUE, PATHANKOT BYE PASS
JALANDHAR CITY
www.dipsimt@gmail.com (dipsimt@gmail.com)
Contact: 95010-00697, 97806-00998

ਹਰ ਰੋਜ਼ ਲੱਗ ਰਹੇ ਹਨ ਵੀਜ਼ਾ ਹੀ ਵੀਜ਼ਾ
ਕੈਨੇਡਾ
ਕੈਨੇਡਾ/ਯੂ. ਕੇ./ ਆਸਟ੍ਰੇਲੀਆਂ ਟੂਰਿਸਟ ਵੀਜ਼ਾ
2155 ਵੀਜ਼ਾ
1 ਜਨਵਰੀ ਤੋਂ 30 ਮਾਰਚ ਤੱਕ ਲੱਗੇ
easyvisa | 8194828282